# ਪ੍ਰੇਮ ਪ੍ਰਕਾਸ਼

ਪੰਜਾਬੀ ਕਹਾਣੀ ਵਿੱਚ 1960 ਤੋਂ ਬਾਅਦ ਵੱਧ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਕਹਾਣੀਕਾਰਾਂ ਵਿੱਚ ਪ੍ਰੇਮ ਪ੍ਰਕਾਸ਼ ਦਾ ਨਾਂ ਖਾਸ ਹੈ। ਉਸ ਨੂੰ ਨਿਵੇਕਲੀ ਰੰਗਤ ਦੀਆਂ ਕਹਾਣੀਆਂ ਲਿਖਣ ਦਾ ਮਾਣ ਵੀ ਹਾਸਲ ਹੈ। ਇਸ ਦੇ ਕਹਾਣੀ-ਸੰਗ੍ਰਹਿ ਮੁਕਤੀ ਦੇ ਆਉਣ ਨਾਲ ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਨਵੀਂ ਸੁਰ ਦਾ ਆਗਾਜ਼ ਹੋਇਆ। ਜ਼ਿੰਦਗੀ ਦੀ ਵਿਡੰਬਨਾ, ਪੂਰਨਤਾ, ਅਪੂਰਨਤਾ, ਅਖੌਤੀ ਨੈਤਿਕਤਾ, ਦੋਗਲੇ ਵਿਹਾਰ, ਖੰਡਿਤ ਮਾਨਸਿਕਤਾ, ਸੰਸਕਾਰਾਂ ਦੇ ਮੋਹ ਨਿਰਮੋਹ ਨੂੰ ਉਸ ਨੇ ਆਪਣੀਆਂ ਕਹਾਣੀਆਂ ਕਹਾਣੀਆਂ ਵਿੱਚ ਬਹੁਤ ਹੀ ਖੂਬਸੂਰਤੀ ਅਤੇ ਜੁਗਤਮਈ ਢੰਗ ਨਾਲ ਚਿਤਰਿਆ। ਇਸ ਪੁਸਤਕ ਵਿੱਚ ਪ੍ਰੇਮ ਪ੍ਰਕਾਸ ਦੀ ਰਚਨਾ ਦ੍ਰਿਸ਼ਟੀ ਸੰਬੰਧੀ ਅਹਿਮ ਨੁਕਤਿਆਂ ਨੂੰ ਪੜਚੋਲਿਆ ਗਿਆ ਹੈ। ਵਿਸ਼ੈ, ਰੂਪ, ਸ਼ਿਲਪ ਪੱਖੋਂ ਜਿੰਨੇ ਤਜ਼ਰਬੇ ਪ੍ਰੇਮ ਪ੍ਰਕਾਸ ਦੀ ਰਚਨਾਤਮਕਤਾ ਵਿੱਚ ਮਿਲਦੇ ਹਨ, ਉਨੇ ਸ਼ਾਇਦ ਹੀ ਕਿਸੇ ਹੋਰ ਲੇਖਕ ਨੇ ਕੀਤੇ ਹੋਣ। ਇਸ ਦੀ ਰਚਨਾ ਦ੍ਰਿਸ਼ਟੀ ਬੰਦੇ ਦੇ ਬਾਹਰਲੇ ਵਿਰਾਟ ਜਗਤ ਦੇ ਨਾਲ-ਨਾਲ ਅੰਦਰਲੇ ਬੌਣੇ ਜਗਤ ਦੀਆਂ ਗੁੰਝਲਾਂ ਨੂੰ ਚਿੱਤਰਣ ਵੱਲ ਹੈ। ਉਹ ਇਸ ਨਵੀਂ ਪ੍ਰਵਿਰਤੀ ਵਾਲੀਆਂ ਕਹਾਣੀਆਂ ਵਿੱਚ ਬੰਦੇ ਦੇ ਜੀਵਨ ਦੀਆਂ ਅਸਤਿੱਤਵੀ ਗਹਿਰਾਈਆਂ ਵਿੱਚ ਉਤਰਣ ਦੀ ਕੋਸ਼ਿਸ਼ ਕਰਦਾ ਹੈ।

ਪੰਜਾਬੀ ਕਹਾਣੀ ਦਾ ਮੁੱਢ ਚਰਨ ਸਿੰਘ ਸ਼ਹੀਦ ਤੇ ਮੋਹਨ ਸਿੰਘ ਵੈਦ ਜਿਹੇ ਕਹਾਣੀਕਾਰਾਂ ਤੋਂ ਮੰਨਿਆ ਜਾਂਦਾ ਹੈ। ਇਹਨਾਂ ਲੇਖਕਾਂ ਨੇ ਪਹਿਲੀ ਵਾਰ ਪੱਛਮੀ ਤਕਨੀਕ ਦੇ ਅਧਾਰ 'ਤੇ ਕਹਾਣੀ ਲਿਖਣ ਦਾ ਯਤਨ ਕੀਤਾ। ਇਹਨਾਂ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਕੇ ਅਜੋਕੇ ਪਾਠਕਾਂ ਜਾਂ ਆਲੋਚਕਾਂ ਨੂੰ ਭਾਵੇਂ ਇਹ ਮਹਿਸੂਸ ਹੁੰਦਾ ਹੈ ਕਿ ਮੁੱਢਲੀ ਕਹਾਣੀ ਪੂਰਬੀ ਮਾਡਲ ਦੀ ਹੈ ਪਰ ਜੇਕਰ ਉਹ ਸਮੇਂ ਦੇ ਆਧਾਰ ਉੱਤੇ ਪਰਖੀਏ ਤਾਂ ਇਸ ਕਹਾਣੀ ਵਿੱਚ ਤਕਨੀਕ ਦੇ ਆਧਾਰ 'ਤੇ ਕਹਾਣੀ ਲਿਖਣ ਦਾ ਯਤਨ ਕੀਤਾ। ਇਹਨਾਂ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਕੇ ਅਜੋਕੇ ਪਾਠਕਾਂ ਜਾਂ ਆਲੋਚਕਾਂ ਨੂੰ ਭਾਵੇਂ ਇਹ ਮਹਿਸੂਸ ਹੁੰਦਾ ਹੈ ਕਿ ਮੁੱਢਲੀ ਕਹਾਣੀ ਪੂਰਬੀ ਮਾਡਲ ਦੀ ਹੈ ਪਰ ਜੇਕਰ ਉਹ ਸਮੇਂ ਦੇ ਆਧਾਰ ਉੱਤੇ ਪਰਖੀਏ ਤਾਂ ਇਸ ਕਹਾਣੀ ਵਿੱਚ ਪਾਰਲੌਕਿਕਤਾ ਦੀ ਜਗ੍ਹਾ ਲੌਕਿਕਤਾ, ਕਲਪਨਾ ਦੀ ਜਗ੍ਹਾ ਯਥਾਰਥਕ ਦ੍ਰਿਸ਼ਟੀ ਮਿਲਦੀ ਹੈ। ਡਾ. ਸਵਿੰਦਰ ਸਿੰਘ ਉਪਰ ਮੁੱਢਲੀ ਪੰਜਾਬੀ ਕਹਾਣੀ ਸੰਬੰਧੀ ਲਿਖਦੇ ਹਨ:

ਪੰਜਾਬੀ ਕਹਾਣੀ ਨੂੰ ਇਸ ਪੋਸ਼ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਹਨਾਂ ਦੇ ਯਤਨਾਂ ਨਾਲ ਪੰਜਾਬੀ ਕਹਾਣੀ ਦੇ ਬੂਟੇ ਦੀਆਂ ਜੜ੍ਹਾਂ ਧਰਤੀ ਵਿੱਚ ਚੰਗੀ ਤਰ੍ਹਾਂ ਧੱਸ ਗਈਆਂ ਅਤੇ ਸੁੱਕਣ ਦੀ ਥਾਂ ਦਿਨ-ਬ-ਦਿਨ ਇਹ ਸਰਸਬਜ਼ ਹੀ ਹੁੰਦਾ ਗਿਆ।

ਉਸ ਸਮੇਂ ਅਕਾਲੀ (1921), ਪ੍ਰੀਤਮ (1923), ਫੁਲਵਾੜੀ (1924) ਕਿਰਤੀ (1925), ਮੌਜੀ (1926), ਪ੍ਰੀਤਲੜੀ (1935) ਆਦਿ ਰਸਾਲੇ ਪ੍ਰਚਲਿਤ ਸਨ, ਜਿਨ੍ਹਾਂ ਕਰਕੇ ਪੰਜਾਬੀ ਕਹਾਣੀ ਦਾ ਪਾਠਕਾਂ ਵਿੱਚ ਸੰਚਾਰ ਹੋਇਆ। ਇਹਨਾਂ ਰਸਾਲਿਆਂ ਸਦਕਾ ਪੰਜਾਬੀ ਕਹਾਣੀ ਦੇ ਮੋਢੀ ਲਿਖਾਰੀ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਹੀਰਾ ਸਿੰਘ ਦਰਦ, ਨਾਨਕ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਗੁਰਮੁਖ ਸਿੰਘ ਮੁਸਾਫ਼ਿਰ, ਜੋਸ਼ਵਾ ਫ਼ਜ਼ਲਦੀਨ ਜਿਹੈ ਕਹਾਣੀਕਾਰਾਂ ਨੇ ਕਹਾਣੀ ਰਚਨਾ ਆਰੰਭ ਕੀਤੀ। ਇਹਨਾਂ ਕਹਾਣੀਕਾਰਾਂ ਨੇ ਪੁਰਾਤਨ ਰੂੜ੍ਹੀਆਂ ਰਾਹੀਂ ਨਵੇਂ ਕਥਾ ਸੰਗਠਨ ਦੀ ਸਿਰਜਣਾ ਦਾ ਯਤਨ ਕੀਤਾ। ਇਹਨਾਂ ਲੇਖਕਾਂ ਨੇ ਸਮਾਜ ਦੀਆਂ ਕੁਰੀਤੀਆਂ ਪ੍ਰਤੀ ਵਿਅੰਗ ਦ੍ਰਿਸ਼ਟੀ ਰੱਖਦੇ ਹੋਏ ਨਰੋਏ ਸਮਾਜ ਦੀ ਕਲਪਨਾ ਕੀਤੀ। ਇਸ ਸਮੇਂ ਕਹਾਣੀ ਵਿੱਚ ਲੇਖਕਾਂ ਨੇ ਸਮਕਾਲੀ ਯੁਗ ਦ੍ਰਿਸ਼ਟੀ ਨੂੰ ਅਭਿਵਿਅਕਤ ਕੀਤਾ।

ਪੰਜਾਬੀ ਕਹਾਣੀ ਦੀ ਜਿਹੜੀ ਨੀਂਹ ਪਹਿਲੇ ਪੜਾਅ ਦੇ ਲੇਖਕਾਂ ਨੇ ਰੱਖੀ, ਇਸੇ ਵਿਚਾਰਧਾਰਾ ਨੂੰ ਦੂਜੇ ਪੜਾਅ ਦੇ ਲੇਖਕਾਂ ਸਮੇਂ ਪੰਜਾਬੀ ਕਹਾਣੀ ਵਿੱਚ ਰਚਨਾ-ਦ੍ਰਿਸ਼ਟੀ ਨੂੰ ਨਵੀਆਂ ਲੀਹਾਂ ਦੀ ਛੋਹ ਮਿਲੀ। ਇਹਨਾਂ ਲੇਖਕਾਂ ਨੇ ਪੰਜਾਬੀ ਕਹਾਣੀ ਵਿੱਚ ਅਧਿਆਤਮਕ, ਆਦਰਸ਼ਵਾਦ, ਰੁਮਾਂਚਕਾਰੀ, ਸੁਧਾਰਵਾਦ ਜਿਹੀਆਂ ਰੁਚੀਆਂ ਦੇ ਨਾਲ-ਨਾਲ ਨਵੀਆਂ ਰੁਚੀਆਂ ਨੂੰ ਵੀ ਪੇਸ਼ ਕੀਤਾ। ਇਸ ਸਮੇਂ ਦੇ ਲੇਖਕਾਂ ਨੇ ਅਸਲ ਵਿੱਚ ਪੱਛਮੀ ਕਥਾ ਮਾਡਲ ਨੂੰ ਅਪਣਾਇਆ. ਇਹਨਾਂ ਨੇ ਅਸਲ ਵਿੱਚ ਪੱਛਮੀ ਲੇਖਕਾਂ ਨੂੰ ਪੜ੍ਹਿਆ ਅਤੇ ਇਹਨਾਂ ਦੀਆਂ ਕਿਰਤਾ 'ਤੇ ਪੱਛਮੀ ਲੇਖਕਾਂ ਦੇ ਪ੍ਰਭਾਵ ਮਿਲਦੇ ਹਨ। ਇਸ ਸਮੇਂ ਵਿੱਚ ਸੰਤ ਸਿੰਘ ਸੇਖੋਂ, ਮੋਹਨ ਸਿੰਘ, ਦੇਵਿੰਦਰ ਸਤਿਆਰਥੀ ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਮਹਿੰਦਰ ਸਿੰਘ ਸਰਨਾ, ਦਲੀਪ ਕੌਰ ਟਿਵਾਣਾ, ਨਵਤੇਜ ਸਿੰਘ, ਸੁਖਬੀਰ, ਗੁਰਦਿਆਲ ਸਿੰਘ ਜਿਹੇ ਕਹਾਣੀਕਾਰਾਂ ਨੇ ਰਚਨਾ-ਦ੍ਰਿਸ਼ਟਪ ਪੱਖੋਂ ਪੰਜਾਬੀ ਕਹਾਣੀ ਵਿੱਚ ਗੁਣਾਤਮਕ ਤਬਦੀਲੀ ਲਿਆਂਦੀ। ਇਹਨਾਂ ਲੇਖਕਾਂ ਦੀਆਂ ਰਚਨਾਵਾਂ ਵਿੱਚ 1917 ਈ. ਵਿੱਚ ਆਏ ਰੂਸੀ ਇਨਕਲਾਬ, ਪ੍ਰਗਤੀਵਾਦ, ਮਾਰਕਸਵਾਦ, ਪੂੰਜੀਵਾਦ ਰੂਚੀ ਅਧੀਨ ਵਿਚਰਦੇ ਮਨੁੱਖ ਵਿਚਲਾ ਵਿਅਕਤਿਤਵ, ਦੂਜੇ ਵਿਸ਼ਵ-ਯੁੱਧ ਦਾ ਪ੍ਰਭਾਵ ਤੇ ਸੁਤੰਤਰਤਾ ਸੰਗਰਾਮ ਦੀ ਝਲਕ ਮਿਲਦੀ ਹੈ। ਇਹ ਯੁੱਗ-ਕ੍ਰਾਂਤੀਆਂ ਦੇ ਨਾਲ-ਨਾਲ ਗਿਆਨ-ਵਿਗਿਆਨ ਦੀਆਂ ਨਵੀਆਂ ਕਾਢਾਂ ਨਾਲ ਭਰਪੂਰ ਹੈ। ਇਹਨਾਂ ਲੇਖਕਾਂ ਨੇ ਮਨੁੱਖੀ ਮਨ ਦੀਆਂ ਸੂਖ਼ਮ ਪਰਤਾਂ ਨੂੰ ਸਮਝਣ ਲਈ ਫ਼ਰਾਇਡ ਦੇ ਸਿਧਾਂਤਾਂ ਨੂੰ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕੀਤਾ। ਇਹਨਾਂ ਲੇਖਕਾਂ ਦੀਆਂ ਕਹਾਣੀਆਂ ਵਿੱਚ ਧਰਮ ਨਿਰਪੇਖ ਦ੍ਰਿਸ਼ਟੀ ਵੇਖਣ ਨੂੰ ਮਿਲਦੀ ਹੈ।

ਇਸ ਸਮੇਂ ਦੇ ਕਹਾਣੀਕਾਰਾਂ ਨੇ ਪੰਜਾਬੀ ਕਹਾਣੀ ਦੇ ਰੂਪ ਤੇ ਵਿਸ਼ੇ ਪੱਖੋਂ ਨਵੇਂ ਤਜ਼ਰਬੇ ਕੀਤੇ ਜਿਨ੍ਹਾਂ ਦਾ ਮੁਲਾਂਕਣ ਉਹਨਾਂ ਦੀ ਰਚਨਾ-ਦ੍ਰਿਸ਼ਟੀ ਤੋਂ ਹੁੰਦਾ ਹੈ। ਮੁੱਢਲੀ ਕਹਾਣੀ ਵਿੱਚ ਬਿਰਤਾਂਤਕਾਰ ਦੀ ਹੋਂਦ ਵਧੇਰੇ ਸੂਚਨਾਤਮਕ, ਸੂਤਰਧਾਰ ਅਤੇ ਸਰਬ-ਗਿਆਤਾ ਵਾਲੀ ਹੋਣ ਕਰਕੇ ਉਦੇਸ਼ ਤੇ ਮਨੋਰਥ ਨੂੰ ਵਧੇਰੇ ਮਹੱਤਵ ਦਿੰਦੀ ਸੀ। ਇਸ ਦੇ ਵਿਪਰੀਤ ਇਸ ਦੌਰ ਦੇ ਕਹਾਣੀਕਾਰਾਂ ਨੇ ਉੱਤਮ-ਪੁਰਖੀ ਬਿਰਤਾਂਤ ਸਿਰਜਣ ਵੱਲ ਰੁਝਾਨ ਪੈਦਾ ਕੀਤਾ। ਇਸ ਦੌਰ ਦੀ ਕਹਾਣੀ ਇਕਹਿਰੀ ਘਟਨਾ ਨੂੰ ਲੈ ਕੇ ਸਿਰਜੀ ਜਾਂਦੀ ਰਹੀ। ਕਥਾਨਾਕ ਦੀ ਬੁਣਤਕ ਵਿੱਚ ਆਰੰਭ, ਮੱਧ, ਸਿਖਰ ਅਤੇ ਅੰਤ ਤੋਂ ਇਲਾਵਾ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਦੇ ਨਿਯਮਾਂ ਸੰਬੰਧੀ ਨਵੇਂ ਤਰੀਕੇ ਅਪਣਾਏ ਗਏ। ਇਸ ਦੌਰ ਦੀਆਂ ਕਹਾਣੀਆਂ ਦੇ ਪਾਤਰ ਸਾਧਾਰਨ ਮਨੁੱਖ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੇ ਹਨ। ਇਸ ਸਮੇਂ ਕਹਾਣੀ ਵਿਚਲੇ ਰਾਸ਼ਟਰੀ ਅਤੇ

punjabiforias.com

ਅੰਤਰ-ਰਾਸ਼ਟਰੀ ਸਰੋਕਾਰਾਂ ਨੇ ਪੰਜਾਬੀ ਕਹਾਣੀ ਵਿਚਲੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਰਕਾਰਾਂ ਨੇ ਪੰਜਾਬੀ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਨੂੰ ਨਵੇਂ ਸਰੋਕਾਰ ਦਿੱਤੇ।

ਤੀਜੇ ਦੌਰ ਦੀ ਕਹਾਣੀ ਰਚਨਾ ਕਰਨ ਵਾਲੇ ਕੁਝ ਲੇਖਕਾਂ ਦੇ ਨਾਲ-ਨਾਲ ਕੁੱਝ ਦੂਜੇ ਦੌਰ ਦੇ ਲੇਖਕ ਵੀ ਸ਼ਾਮਿਲ ਸਨ, ਜਿਨ੍ਹਾਂ ਵਿੱਚ ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਮੋਹਨ ਭੰਡਾਰੀ, ਕਿਰਪਾਲ ਕਜ਼ਾਕ, ਰਾਮ ਸਰੂਪ ਅਣਖੀ, ਮਨਮੋਹਨ ਬਾਵਾ, ਅਮਰ ਕੋਮਲ,ਗੁਲਜ਼ਾਰ ਸੰਧੂ, ਗੁਰਦੇਵ ਰੁਪਾਣਾ, ਜਸਬੀਰ ਭੁੱਲਰ, ਦਲਬੀਰ ਚੇਤਨ, ਪ੍ਰੇਮ ਗੋਰਖੀ, ਗੁਰਪਾਲ ਲਿੱਟ ਆਦਿ ਦੇ ਨਾਂ ਲਖਾਇਕ ਹਨ। ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਤੀਜੀ ਪੀੜ੍ਹੀ ਨੇ ਗਿਣਾਤਮਕ ਤੇ ਗੁਣਾਤਮਕ ਪੱਖੋਂ ਜ਼ਿਕਰਯੋਗ ਵਾਧਾ ਕੀਤਾ। ਸੱਤਰਵਿਆਂ ਵਿੱਚ ਹਰੀ ਕ੍ਰਾਂਤੀ ਦੇ ਸੰਕਲਪ ਨੇ ਪੰਜਾਬ ਦੀ ਕਿਰਸਾਨੀ ਤੇ ਮਜ਼ਦੂਰ ਵਰਗ ਦੀ ਜੀਵਨ-ਜਾਂਚ ਵੱਚ ਅਨੇਕਾਂ ਪਰਿਵਰਤਨ ਲਿਆਂਦੇ। ਰਾਮ ਸਰੂਪ ਅਣਖੀ, ਵਰਿਆਮ ਸੰਧੂ, ਗੁਰਬਚਨ ਭੁੱਲਰ ਜਿਹੇ ਕਹਾਣੀਕਾਰਾਂ ਦੀਆਂ ਕਹਾਣੀਆਂ ਨੇ ਕਿਸਾਨ ਵਰਗ ਤੇ ਨਿਮਨ ਵਰਗ ਦੀਆਂ ਸਮਾਜਿਕ ਆਰਥਿਕ ਸਮੱਸਿਆਵਾਂ ਨੂੰ ਰਚਨਾ-ਵਸਤੂ ਬਣਾਇਆ। ਇਸ ਦੌਰ ਦੇ ਕਹਾਣੀਕਾਰਾਂ ਨੇ ਪਿੰਡਾਂ ਤੋਂ ਸ਼ਹਿਰ ਵਸੇਬੇ ਦੌਰਾਨ ਜੀਵਨ-ਜਾਂਚ ਵਿੱਚ ਆਈਆਂ ਤਬਦੀਲੀਆਂ ਨੂੰ ਵੀ ਪੇਸ਼ ਕੀਤਾ ਹੈ। ਪਦਾਰਥਕ ਤਰੱਕੀ ਲਈ ਤੇਜ਼ ਰਫ਼ਤਾਰ ਵਿੱਚ ਦੌੜਦੇ ਮਨੁੱਖੀ ਮਨ ਵਿਚਲੀ ਭਟਕਣਾ, ਅਸ਼ਾਂਤੀ, ਨਿਰਾਸ਼ਾ ਤੇ ਇਕੱਲਤਾ ਦਾ ਅਹਿਸਾਸ ਇਸ ਸਮੇਂ ਦੇ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿੱਚ ਵਿਸ਼ੇਸ਼ ਤੌਰ 'ਤੇ ਉਭਰਦਾ ਹੈ। ਇਹਨਾਂ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿੱਚ ਲੇਖਕਾਂ ਦੇ ਜੀਵਨ ਅਨੁਭਵ ਦੇ ਨਾਲ-ਨਾਲ ਉਹਨਾਂ ਦੀ ਲਿਖਤ ਵਿੱਚ ਖਿੱਤੇ ਦੇ ਵਾਤਾਵਰਣ ਦੇ ਪ੍ਰਭਾਵ ਵੀ ਮਿਲਦੇ ਹਨ। ਮਿਸਾਲ ਵਜੋਂ ਵਰਿਆਮ ਸੰਧੂ ਦੀਆਂ ਕਹਾਣੀਆਂ ਵਿੱਚ ਕਿਸਾਨੀ ਜੀਵਨ ਦੇ ਅਨੁਭਵ ਮਿਲਦੇ ਹਨ। ਇਸ ਤਰ੍ਹਾਂ ਕਹਾਣੀਕਾਰ ਪ੍ਰੇਮ ਪ੍ਰਕਾਸ਼ ਜੋ ਮਾਲਵੇ ਨਾਲ ਸੰਬੰਧਿਤ ਹੈ, ਉਸ ਦੀ ਮੁੱਢਲੀਆਂ ਕੁੱਝ ਕੁ ਕਹਾਣੀਆਂ ਵਿੱਚ ਮਲਵਈ ਸੰਸਕ੍ਰਿਤੀ ਸੰਬੰਧੀ ਜਾਣਕਾਰੀ ਮਿਲਦੀ ਹੈ। ਪ੍ਰੇਮ ਪ੍ਰਕਾਸ ਨੇ ਜੀਵਨ ਦਾ ਬਹੁਤ ਸਮਾਂ ਸ਼ਹਿਰ ਵਿੱਚ ਬਤੀਤ ਕੀਤਾ। ਇਸੇ ਲਈ ਉਸ ਦੀਆਂ ਕਹਾਣੀਆਂ ਵਿੱਚ ਸ਼ਹਿਰੀ ਸਭਿਆਚਾਰ ਵਿੱਚ ਵਿਚਰਦੇ ਮੱਧ-ਵਰਗੀ ਮਨੁੱਖ ਦੇ ਮਾਨਸਿਕ ਸੰਕਟਾਂ ਦਾ ਪ੍ਰਗਟਾ ਮਿਲਦਾ ਹੈ।

ਤੀਜੇ ਦੌਰ ਦੀ ਕਹਾਣੀ ਵਿੱਚ ਨਾਰੀ ਕਹਾਣੀਕਾਰਾਂ ਵੱਲੋਂ ਔਰਤ ਦੇ ਵਿਅਕਤੀਤੱਵ ਦੇ ਵਿਭਿੰਨ ਪਾਸਾਰ ਪੇਸ਼ ਕੀਤੇ ਗਏ ਹਨ। ਇਸ ਦੌਰ ਦੀਆਂ ਔਰਤ ਲੇਖਿਕਾਵਾਂ ਨੇ ਆਰਥਿਕ ਤੌਰ 'ਤੇ ਸੁਤੰਤਰ ਔਰਤ ਦੇ ਨਵੇਂ ਅਹਿਸਾਸ ਪੇਸ਼ ਕੀਤੇ ਹਨ। ਇਸ ਦੌਰ ਦੀ ਕਹਾਣੀ ਵਿੱਚ ਨਾਰੀ ਚੇਤਨਾ ਦੇ ਨਵੇਂ ਪ੍ਰਤੀਮਾਨ ਨਜ਼ਰ ਆਉਂਦੇ ਹਨ। ਇਸ ਸਮੇਂ ਅਜੀਤ ਕੌਰ, ਦਲੀਪ ਕੌਰ ਟਿਵਾਣਾ, ਰਜਿੰਦਰ ਕੌਰ, ਬਚਿੰਤ ਕੌਰ, ਬਲਵਿੰਦਰ ਕੌਰ ਬਰਾੜ ਜਿਹੀਆਂ ਲੇਖਿਕਾਵਾਂ ਨੇ ਔਰਤ ਮਨ ਨੂੰ ਬੜੀ ਸੂਖਮਤਾ ਨਾਲ ਪੇਸ਼ ਕੀਤਾ ਹੈ। ਇਸ ਸਮੇਂ ਪ੍ਰੇਮ ਪ੍ਰਕਾਸ ਸਿੰਘ ਤੇ ਵਰਿਆਮ ਸੰਧੂ ਜਿਹੇ ਕਹਾਣੀਕਾਰਾਂ ਨੇ ਕਹਾਣੀ ਵਿੱਚ ਵਿਸ਼ੇ ਤੇ ਤਕਨੀਕ ਪੱਖੋਂ ਨਵੇਂ ਰੁਝਾਨ ਪੈਦਾ ਕੀਤੇ। ਇਹਨਾਂ ਕਹਾਣੀਕਾਰਾਂ ਨੇ ਪੂੰਜੀਵਾਦ, ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ ਵਿਚਲੀ ਗਿਰਾਵਟ, ਔਰਤ-ਮਰਦ ਸੰਬੰਧਾਂ ਜਿਹੀਆਂ ਜਟਿਲ ਸਮੱਸਿਆਵਾਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਅਭਿਵਿਅਕਤ ਕੀਤਾਹੈ। ਇਸ ਦੌਰ ਦੇ ਕਹਾਣੀਕਾਰਾਂ ਨੇ ਇਕਹਿਰੀ ਬੁਣਤੀ ਦੀ ਥਾਂ ਜਟਿਲ ਬੁਣਤੀ ਨੂੰ ਪੇਸ਼ ਕੀਤਾ। ਉਹ ਕਹਾਣੀ ਨੂੰ ਬਹੁ-ਦਿਸ਼ਾਵਾਂ ਤੋਂ ਵਿਚਾਰਦਾ ਹੈ। ਵਸਤੂ ਯਥਾਰਥ ਵਿੱਚ ਪਰਿਵਰਤਨ ਆਉਣ ਨਾਲ ਇਸ ਦੌਰ ਦੀ ਕਹਾਣੀ ਦੀ ਰਚਨਾ-ਦ੍ਰਿਸ਼ਟੀ ਵਿੱਚ ਪਰਿਵਰਤਨ ਆਉਂਦੇ ਹਨ।

ਚੌਥੇ ਪੜਾਅ ਦੀ ਕਹਾਣੀ ਦੇ ਕੁੱਝ ਕਹਾਣੀਕਾਰ ਤੀਜੇ ਦੌਰ ਦੇ ਹੀ ਹਨ ਅਤੇ ਕੁੱਝ ਨਵੇਂ ਪੋਚ ਦੇ ਹਨ। ਇਸ ਸਮੇਂ ਕਹਾਣੀਕਾਰਾਂ ਦੀ ਰਚਨਾਂ-ਦ੍ਰਿਸ਼ਟੀ ਅਜੋਕੇ ਮਨੁੱਖੀ ਜੀਵਨ ਦੇ ਵਿਭਿੰਨ ਪਾਸਾਰਾਂ ਦੀ ਤਰਜਮਾਨੀ ਕਰ ਰਹੀ ਜਾਪਦੀ ਹੈ। ਇਸ ਸਮੇਂ ਦੀ ਕਹਾਣੀ ਵਿੱਚ ਕਹਾਣੀਕਾਰਾਂ ਨੇ ਸੁਪਨਿਆਂ ਦੀ ਅਪੂਰਤੀ ਕਾਰਣ ਖੰਡਿਤ ਮਨੁੱਖੀ ਮਨ ਦੇ ਸਰੂਪ ਨੂੰ ਸੰਜੀਵ ਰੂਪ ਵਿੱਚ ਪੇਸ਼ ਕੀਤਾ ਹੈ। ਇਹਨਾਂ ਕਹਾਣੀਆਂ ਵਿੱਚ ਕੰਪਿਊਟਰੀ ਯੁਗ ਦਾ ਪ੍ਰਚਲਨ ਅਤੇ ਗਲੋਬਲੀਕਰਣ ਦਾ ਪ੍ਰਚੰਡ ਵਰਤਾਰਾ ਮਿਲਦਾ ਹੈ। ਇਸ ਦੌਰ ਦੇ ਲੇਖਕਾਂ ਨੇ ਮਸ਼ੀਨੀ ਯੁੱਗ ਵਿੱਚ ਵਿਚਰਦੇ ਮਨੁੱਖ ਦੇ ਨਿਰਮੋਹੇ ਰਿਸ਼ਤਿਆਂ ਦੇ ਦੁਖਾਂਤ ਨੂੰ ਦਰਸਾਇਆ ਹੈ। ਇਸ ਸਮੇਂ ਦੇ ਪ੍ਰਮੁੱਖ ਕਹਾਣੀਕਾਰਾਂ ਵਿੱਚ ਐੱਸ. ਬਲਵੰਤ, ਅਵਤਾਰ ਸਿੰਘ ਬਿਲਿੰਗ, ਜਸਵਿੰਦਰ ਸਿੰਘ, ਤਲਵਿੰਦਰ ਸਿੰਘ, ਬਲਬੀਰ ਪਰਵਾਨਾ, ਜਿੰਦਰ, ਬਲਜੀਤ ਰੈਣਾ, ਸੁਖਜੀਤ, ਦਵਿੰਦਰ ਮੰਡ, ਸਰਵਮੀਤ, ਭਗਵੰਤ ਰਸੂਲਪੁਰੀ, ਜਸਬੀਰ ਕਲਸੀ, ਰਮਿੰਦਰ ਬਰਾੜ, ਅਜਮੇਰ ਸਿੱਧੂ ਆਦਿ ਦੇ ਨਾਂ ਗਿਣਨਯੋਗ ਹਨ। ਇਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਪੰਜਾਬ ਦੇ ਪੇਂਡੂ ਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਨੂੰ ਬਿਆਨਦਿਆਂ ਪਿੰਡ ਤੋਂ ਸ਼ਹਿਰ ਵਿੱਚ ਆਏ ਵਿਅਕਤੀ ਦੇ ਮਨ ਤੇ ਬਦਲਦੀ ਜ਼ਿੰਦਗੀ ਦੇ ਨਵੇਂ ਪ੍ਰਤੀਮਾਨਾਂ ਦੀ ਪੇਸ਼ਕਾਰੀ ਕਰਨਾ ਹੈ। ਅਜੋਕੇ ਮਨੁੱਖ ਦੀ ਵਿਅਕਤੀਗਤ ਸੋਚ ਦਾ ਪ੍ਰਗਟਾਵਾ ਕਰਦੀਆਂ ਇਹ ਕਹਾਣੀਆਂ ਪੂੰਜੀ ਕੇਂਦਰਿਤ ਦੌਰ ਦੇ ਮਨੁੱਖੀ ਰਿਸ਼ਤਿਆਂ ਵਿੱਚ ਆਏ ਸੰਕਟ ਨੂੰ ਪੇਸ਼ ਕਰਦੀਆਂ ਹਨ। ਇਹਨਾਂ ਕਹਾਣੀਆਂ ਦੇ ਪਾਤਰ ਅਜੋਕੇ ਮਨੁੱਖ ਦੀ ਮਾਨਸਿਕ ਦਸ਼ਾ ਦਾ ਪ੍ਰਗਟਾ ਕਰਦੇ ਹਨ। ਕਹਾਣੀਆਂ ਔਰਤ-ਮਰਦ ਸੰਬੰਧਾਂ ਨੂੰ ਪੇਸ਼ ਕੀਤਾ ਗਿਆ ਹੈ। ਇਹਨਾਂ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਦੀ ਵੱਖਰਤਾ ਇਹ ਹੈ ਕਿ ਇਸ ਦੌਰ ਦੀ ਕਹਾਣੀ ਦਾ ਕਥਾਨਕ ਭਾਵੇਂ ਜਟਿਲ ਤਕਨੀਕ ਵਾਲਾ ਹੈ ਪਰ ਘਟਨਾ ਵਿੱਚ ਵਰਨਣ ਦੀ ਜਗ੍ਹਾ ਸੰਕੇਤਾਂ ਦੀ ਭਰਮਾਰ ਹੈ ਜੋ ਕਹਾਣੀ ਨੂੰ ਰਹੱਸਮਈ ਬਣਾਉਂਦੇ ਹਨ। ਇਸ ਸਮੇਂ ਦੇ ਕਹਾਣੀਕਾਰਾਂ ਦੁਆਰਾ ਰਚਿਤ ਕਹਾਣੀ ਨੂੰ ਪਾਠਕ ਇੱਕੋ ਪੜ੍ਹਤ ਵਿੱਚ ਸਮਝ ਨਹੀਂ ਸਕਦਾ। ਪਾਠਕ ਨੂੰ ਬਾਰ-ਬਾਰ ਕਹਾਣੀ ਪੜ੍ਹਨ ਉਪਰੰਤ ਕਹਾਣੀ ਵਿਚਲੇ ਬਿਰਤਾਂਤ ਦੀ ਸੋਝੀ ਹੁੰਦੀ ਹੈ। ਇਸ ਦੌਰ ਦੇ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿੱਚ ਕਹਾਣੀ ਨੂੰ ਲਿਖਣ ਤੇ ਬਿਆਨਣ ਦਾ ਢੰਗ ਵਿਲੱਖਣਤਾ ਦਾ ਲਖਾਇਕ ਹੈ। ਇਸ ਦੌਰ ਦੀ ਕਹਾਣੀ ਵਿਚਲੀ ਬਣਤਰ ਤੇ ਬੁਣਤਰ ਦੀ ਵਿਲੱਖਣਤਾ ਨੇ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿੱਚ ਕਹਾਣੀ ਨੂੰ ਲਿਖਣ ਤੇ ਬਿਆਨਣ ਦਾ ਢੰਗ ਵਿਲੱਖਣਤਾ ਦਾ ਲਖਾਇਕ ਹੈ। ਇਸ ਦੌਰ ਦੀ ਕਹਾਣੀ ਵਿੱਚਲੀ ਬਣਤਰ ਤੇ ਬੁਣਤਰ ਦੀ ਵਿਲੱਖਣਤਾ ਨੇ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਦੀ ਉੱਚਤਾ ਨੂੰ ਪ੍ਰਗਟਾਇਆ ਹੈ। ਅਜੋਕੇ ਮਨੁੱਖ ਦੀਆਂ ਅਤ੍ਰਿਪਤੀਆਂ ਵਿੱਚ ਉਪਜਿਆ ਤਨਾਉ ਤੇ ਸੰਤਾਪ ਉਸ ਦੀ ਕਹਾਣੀ ਦਾ ਮੂਲ ਸਰੋਕਾਰ ਹੈ। ਡਾ. ਰਜਨੀਸ਼ ਬਹਾਦਰ ਦਾ ਕਥਨ ਹੈ ਕਿ ਪ੍ਰੇਮ ਪ੍ਰਕਾਸ ਦੀਆਂ ਕਹਾਣੀਆਂ ਮਨੁੱਖਤਾ ਦੇ ਬੁਨਿਆਦੀ ਸਵਾਲਾਂ ਨੂੰ ਮੁਖ਼ਾਤਿਬ ਹੋਣ ਕਰਕੇ ਸਦੀਵੀ ਸਰੋਕਾਰਾਂ ਨਾਲ ਸੰਬੰਧਿਤ ਹਨ। ਇਸ ਲਈ ਉਹ ਕਈ ਥਾਂ ਸਮੇਂ-ਸਥਾਨ ਦੀਆਂ ਸੀਮਾਵਾਂ ਨੂੰ ਪਾਰ ਕਰਨ ਦਾ ਯਤਨ ਕਰਦੀਆਂ ਹਨ। ਪ੍ਰੇਮ ਪ੍ਰਕਾਸ਼ ਵਸਤੂ ਨੂੰ ਧਰਮ, ਸੰਸਕਾਰ ਅਤੇ ਮਿਥ ਨਾਲ ਜੋੜ ਕੇ ਉਹਨਾਂ ਵਿੱਚ ਸਦੀਵੀ ਤੱਤ ਪੈਦਾ ਕਰਦਾ ਹੈ। ਆਮ ਤੌਰ 'ਤੇ ਹਰ ਲੇਖਕ ਆਪਣੀ ਰਚਨਾ ਦੀ ਸਰਵੋਤਮਤਾ ਲਈ ਪੁਰਾਤਨ ਰੂੜ੍ਹੀਆਂ ਦਾ ਪ੍ਰਯੋਗ ਕਰ ਕੇ ਨੈਤਿਕਤਾ ਦਾ ਪ੍ਰਗਟਾਉ ਕਰਦਾ ਹੈ ਪਰ

ਪ੍ਰੇਮ ਪ੍ਰਕਾਸ਼ ਕੇਵਲ ਮਨੁੱਖ ਦੇ ਆਂਤਰਿਕ ਤੇ ਮਾਨਸਿਕ ਬਿੰਬ ਨੂੰ ਜੀਵਿੰਤ ਰੂਪ ਵਿੱਚ ਪੇਸ਼ ਕਰਨ ਵੱਲ ਰੁਚਿਤ ਹੈ।

ਅਜੋਕੇ ਮਨੁੱਖੀ ਜੀਵਨ ਵਿਚਲੀ ਨਿਰੰਤਰ ਪਰਿਵਰਤਨਸ਼ੀਲਤਾ ਨੂੰ ਪ੍ਰਗਟਾਇਆ ਗਿਆ ਹੈ। ਉਸ ਦੇ ਆਰੰਭਲੇ ਕਹਾਣੀ-ਸੰਗ੍ਰਹਿ ਇਸ ਪਰਿਵਰਤਨਸ਼ੀਲਤਾ ਦੇ ਆਦਿ-ਬਿੰਦੂ ਨੂੰ ਸਿਰਜਦੇ ਪ੍ਰਤੀਤ ਹੁੰਦੇ ਹਨ। ਉਦੋਂ ਮੇਰਾ ਅਲਪ ਗਿਆਨ ਏਨਾ ਈ ਸੀ ਕਿ ਸਾਹਿਤ ਤੁਹਾਡੇ ਸਮਾਜੀ ਮਾਹੌਲ ਦਾ ਸ਼ੀਸ਼ਾ ਹੋਣਾ ਚਾਹੀਦਾ ਹੈ। ਮੈਂ ਉਸ ਸ਼ੀਸ਼ੇ ਵਿੱਚੀਂ ਬੰਦੇ ਦੇ ਉਹ ਰੂਪ ਤਾਂ ਵਿਖਾਉਂਦਾ ਈ ਸੀ, ਜਿਹੜਾ ਦੂਜੇ ਮੇਰੇ ਸਮਕਾਲੀ ਵਿਖਾਉਂਦੇ ਸੀ, ਪਰ ਮੈਂ ਉਹ ਰੂਪ ਵੀ ਵਿਖਾਉਣਾ ਚਾਹੁੰਦਾ ਸੀ, ਜਿਹੜੇ ਮੇਰੇ ਹੋਰ ਸਮਕਾਲੀ ਵਿਖਾਉਂਦੇ ਡਰਦੇ ਸੀ ਜਾਂ ਸੰਕੋਚ ਕਰਦੇ ਸੀ। ਜਿਹੜੇ ਮੈਂ ਉਰਦੂ ਕਹਾਣੀਕਾਰ ਤੇ ਖਾਸ ਤੌਰ 'ਤੇ ਸੁਆਦਤ ਹਸਨ ਮੰਟੋ ਦੀਆਂ ਕਹਾਣੀਆਂ ਵਿੱਚ ਦੇਖੇ ਸਨ। ਉਹ ਮੇਰੇ ਚਿਤਵੇ ਆਪਣੇ ਰੂਪਾਂ ਨਾਲ ਮਿਲਦੇ ਸਨ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਔਰਤ-ਮਰਦ ਸਬੰਧਾਂ ਨੂੰ ਵਿਸ਼ਾਲ ਤੇ ਵਿਭਿੰਨ ਦ੍ਰਿਸ਼ਟੀਆਂ ਰਾਹੀਂ ਪ੍ਰਗਟਾਇਆ ਗਿਆ ਹੈ। ਪ੍ਰੇਮ ਪ੍ਰਕਾਸ਼ ਦੁਆਰ ਰਚਿਤ ਕੁਝ ਕੁ ਕਹਾਣੀਆਂ ਨੂੰ ਛੱਡ ਕੇ ਲੱਗਭਗ ਉਸ ਦੀ ਹਰੇਕ ਕਹਾਣੀ ਵਿੱਚ ਸਮੱਸਿਆ ਔਰਤ-ਮਰਦ ਸੰਬੰਧਾਂ ਦੀਆਂ ਵੱਖ-ਵੱਖ ਸਮੀਕਰਣਾਂ ਨਾਲ ਹੀ ਸੰਬੰਧਿਤ ਹਨ। ਅਜੋਕੇ ਵਿਗਿਆਨਕ ਯੁੱਗ ਵਿੱਚ ਵਿਚਰਦੇ ਮਨੁੱਖ ਦੇ ਧਰਮ ਪ੍ਰਤੀ ਕਿੰਤੂ-ਪਰੰਤੂ ਅਤੇ ਅਵਚੇਤਨ ਵਿੱਚ ਵੱਸੇ ਸੰਸਕਾਰ ਉਸ ਦੀ ਰਚਨਾ-ਦ੍ਰਿਸ਼ਟੀ ਦਾ ਸਰੋਤ ਬਣਦੇ ਹਨ। ਮਨੁੱਖ ਸਮਾਜਕ ਬੰਧਨਾਂ ਨੂੰ ਤਿਆਗ ਕੇ ਮਾਨਸਿਕ ਖੁੱਲ੍ਹ ਮਾਣਨ ਦਾ ਇੱਛੁਕ ਹੈ। ਮਨੁੱਖੀ ਵਿਹਾਰ ਦਾ ਵਿਰੋਧਾਭਾਸ ਇਹੋ ਹੈ ਕਿ ਉਹ ਸਮਾਜ-ਸਭਿਆਚਾਰ ਵਿੱਚ ਇੱਜ਼ਤਦਾਰ ਜੀਵਨ ਦੀ ਲੋਚਾ ਵੀ ਕਰਦਾ ਹੈ ਅਤੇ ਆਜ਼ਾਦੀ ਮਾਨਣਾ ਚਾਹੁੰਦਾ ਹੈ। ਇਹ ਇੱਕ ਅਤਿ ਕਠਿਨ ਤੇ ਜਟਿਲ ਕਾਰਜ ਹੈ। ਖੁੱਲ੍ਹ ਮਾਣਨ ਦੀ ਇੱਛਾ ਅਤੇ ਸਮਾਜਕ ਬੰਧਨਾਂ ਦੀ ਕਠੋਰਤਾ ਦੇ ਟਕਰਾਓ ਵਿੱਚ ਮਨੁੱਖ ਮਾਨਸਿਕ ਤਨਾਉ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੀ ਸਥਿਥੀ ਵਿੱਚ ਮਨੁੱਖ ਮਾਨਸਿਕ ਤਨਾਉ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਮਨੁੱਖ ਗੈਰ-ਸਮਾਜਿਕ ਢੰਗਾਂ ਰਾਹੀਂ ਕਾਮੁਕ ਤ੍ਰਿਪਤੀ ਕਰਨਾ ਲੋਚਦਾ ਹੈ। ਪ੍ਰੇਮ ਪ੍ਰਕਾਸ਼ ਨੇ ਕਹਾਣੀਆਂ ਵਿੱਚ ਦੁਬਿਧਾਗ੍ਰਸਤ ਮਨੁੱਖ ਦੀਆਂ ਅਤ੍ਰਿਪਤ ਅਕਾਂਖਿਆਵਾਂ ਵਿੱਚੋਂ ਉਪਜੇ ਮਨੋਸੰਕਟ ਦੇ ਅਨੁਭਵ ਨੂੰ ਪ੍ਰਗਟਾਇਆ ਹੈ। ਡਾ. ਰਜਨੀਸ਼ ਬਹਾਦਰ ਸਿੰਘ ਦਾ ਕਥਨ ਹੈ ਕਿ "ਪੰਜਾਬੀ ਕਹਾਣੀ ਵਿੱਚ ਜਿੰਨੇ ਕਲਾਤਮਕ ਤਜਰਬੇ ਪ੍ਰੇਮ ਪ੍ਰਕਾਸ਼ ਨੇ ਕੀਤੇ ਹਨ, ਉਹ ਅੱਜ ਤੱਕ ਕਿਸੇ ਕਹਾਣੀਕਾਰ ਨੇ ਨਹੀਂ ਕੀਤੇ, ਉਹ ਪਾਤਰਾਂ ਵਿੱਚ ਲਿੰਗਕ ਸੰਬੋਧਨ ਪਰਿਵਰਤਨ ਵਿਧੀ ਤੋਂ ਲੈ ਕੇ ਸਵੈ-ਕਥਨ ਤੱਕ ਕਈ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਹੈ। ਇਹ ਜੁਗਤ ਪਰਿਵਰਤਨ ਕਹਾਣੀਕਾਰ ਲਈ ਪਰੀਖਿਆ ਹੁੰਦੀ ਹੈ। ਪਾਠਕ ਦਾ ਕਹਾਣੀਕਾਰ ਪ੍ਰਤੀ ਕਲਾਤਮਕ ਵਿਸ਼ਵਾਸ ਅਤੇ ਦ੍ਰਿਸ਼ਟੀਗਤ ਬਿੰਬ ਬਣਿਆ ਹੁੰਦਾ ਹੈ। ਇਸ ਲਈ ਆਪਣੀ ਬਣਾਈ ਕਲਾਤਮਕ ਮਿੱਥ ਨੂੰ ਤੋੜਨਾ ਚੁਣੌਤੀ ਬਣ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ। ਪ੍ਰੇਮ ਪ੍ਰਕਾਸ਼ ਨਿਵੇਕਲੀ ਦ੍ਰਿਸ਼ਟੀ ਦਾ ਮਾਲਕ ਹੋਣ ਕਰਕੇ ਮਨੁੱਖੀ ਰਿਸ਼ਤਿਆਂ ਦੀ ਨਵੀਂ ਵਿਆਕਰਣ ਸਿਰਜਣ ਵਿੱਚ ਯਤਨਸ਼ੀ ਪ੍ਰਤੀਤ ਹੁੰਦਾ ਹੈ। ਜਿਹੜੇ ਰਿਸ਼ਤਿਆਂ ਨੂੰ ਸਾਡਾ ਸਮਾਜ ਤੇ ਸੰਸਕ੍ਰਿਤ ਗੈਰ-ਸਮਾਜਕ ਕਹਿ ਕੇ ਨਕਾਰਦੇ ਹਨ, ਪ੍ਰੇਮ ਪ੍ਰਕਾਸ਼ ਅਜਿਹੇ ਰਿਸ਼ਤਿਆਂ ਵਿੱਚ ਰੂਹ ਦਾ ਸਕੂਲ ਹਾਸਲ ਕਰਨ ਵਿੱਚ ਸਫ਼ਲ ਮਹਿਸੂਸ ਕਰਦਾ ਹੈ। ਪ੍ਰੇਮ ਪ੍ਰਕਾਸ਼ ਕਹਾਣੀਆਂ ਵਿੱਚ ਔਰਤ-ਮਰਦ ਦੇ ਜਿਹੜੇ ਸੰਬੰਧਾਂ ਨੂੰ ਪੇਸ਼ ਕਰਦਾ ਹੈ, ਉਹਨਾਂ ਵਿੱਚ ਸੰਸਕ੍ਰਿਤੀ ਦੇ ਨਵੇਂ ਆਯਾਮ ਰਚਨ ਵਿੱਚ ਯਤਨਸ਼ੀਲ ਲੱਗਦਾ ਹੈ। ਪ੍ਰੇਮ ਪ੍ਰਕਾਸ਼ ਦੁਆਰਾ ਰਚਿਤ ਮੁੱਢਲੇ ਕਹਾਣੀ-ਸੰਗ੍ਰਹਿ ਕੱਚਕੜੇ (1966) ਅਤੇ ਨਮਾਜ਼ੀ (1971) ਵਿੱਚ ਸਮਾਜਿਕ-ਰਾਜਨੀਤਿਕ ਸਰੋਕਾਰਾਂ ਦੇ ਨਾਲ-ਨਾਲ ਔਰਤ-ਮਰਦ ਸੰਬੰਧਾਂ ਦਾ ਜ਼ਿਕਰ ਵੀ ਉੱਭਰਵੇਂ ਰੂਪ ਵਿੱਚ ਮਿਲਦਾ ਹੈ। ਰਚਨਾਤਮਕ ਸਫ਼ਰ ਦਾ ਆਰੰਭ ਹੋਣ ਕਰਕੇ ਇਹਨਾਂ ਕਹਾਣੀ-ਸੰਗ੍ਰਹਿਆਂ ਵਿੱਚ ਭਾਵੇਂ ਕਲਾ ਪੱਖੋਂ ਊਣਤਾਈਆਂ ਹਨ ਪਰ ਪ੍ਰੇਮ ਪ੍ਰਕਾਸ਼ ਦੀ ਰਚਨਾ-ਦ੍ਰਿਸ਼ਟੀ ਦਾ ਕੇਂਦਰੀ ਨੁਕਤਾ ਔਰਤ-ਮਰਦ ਸੰਬੰਧ ਹੀ ਪ੍ਰਤੀਤ ਹੁੰਦਾ ਹੈ। ਮੁਕਤੀ (1980) ਕਹਾਣੀ-ਸੰਗ੍ਰਹਿ ਦੀ ਆਮਦ ਨੇ ਸਮੁੱਚੇ ਕਹਾਣੀ-ਜਗਤ ਵਿੱਚ ਪ੍ਰੇਮ ਪ੍ਰਕਾਸ਼ ਦੀ ਵਿਲੱਖਣਤਾ ਨੂੰ ਸਥਾਪਿਤ ਕੀਤਾ। ਇਸ ਕਹਾਣੀ-ਸੰਗ੍ਰਹਿ ਵਿੱਚ ਔਰਤ-ਮਰਦ ਸੰਬੰਧਾਂ ਨੂੰ ਬੜੇ ਸੁਹਜਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਬਾਅਦ ਰਚੇ ਜਾਣ ਵਾਲੇ ਕਹਾਣੀ-ਸੰਗ੍ਰਹਿਆਂ ਵਿੱਚ ਪ੍ਰੇਮ ਪ੍ਰਕਾਸ਼ ਦੀ ਕਲਾਤਮਕਤਾ ਦੇ ਕਈ ਵੱਖ ਉੱਘੜ ਕੇ ਸਾਹਮਣੇ ਆਉਂਦੇ ਹਨ। 'ਆਓ ਸ਼ੈਤਾਨ ਫੜੀਏ' ਕਹਾਣੀ ਵਿੱਚ ਚਾਰ ਦੋਸਤ ਸ਼ਰਾਬ ਪੀਦੇਂ ਆਪਣੇ ਮਨ ਵਿੱਚ ਔਰਤਾਂ ਸੰਬੰਧੀ ਵਿਚਾਰਾਂ ਨੂੰ ਪੇਸ਼ ਕਰਦੇ ਹਨ। ਕਹਾਣੀ ਵਿੱਚ ਮੁੱਖ ਰੂਪ ਵਿੱਚ ਦੋ ਮੁੱਦੇ ਹਨ। ਪਹਿਲਾ-ਪਾਤਰ ਆਪਣੀਆਂ ਮਨੋਵੇਦਵਾਨਾਂ ਦਾ ਵਿਰੇਚਨ ਕਰਦੇ ਹਨ ਅਤੇ ਦੂਜਾ-ਸਥਿਤੀਆਂ ਦਾ ਸਪੱਸ਼ਟੀਕਰਨ ਕਰਦੇ ਪਾਪ ਦੀ ਭਾਵਨਾਂ ਤੋਂ ਮੁਕਤ ਹੋਣਾ ਲੋਚਦੇ ਹਨ। ਇਸੇ ਤਰ੍ਹਾਂ ਕਹਾਣੀ 'ਉਹਦੇ ਚਾਰਗਾਹ' ਵਿੱਚ ਮੀਆਂ ਸਾਹਿਬ ਪਤਨੀ ਅਤੇ ਬੱਚਿਆਂ ਦੇ ਪੇਕੇ ਜਾਣ ਉਪਰੰਤ ਇਕੱਲਤਾ ਨੂੰ ਤੋੜਨ ਲਈ ਆਪਣੇ ਦੋਸਤਾਂ ਨੂੰ ਘਰ ਸੱਦਦੇ ਹਨ। ਚਾਰੇ ਦੋਸਤ ਸ਼ਰਾਬ ਪੀਦੇ ਅਤੇ ਔਰਤਾਂ ਸੰਬੰਧੀ ਗੱਲਾਂ ਕਰਦੇ ਆਪਣੇ ਮਨ ਦੀਆਂ ਬੇਬਸੀਆਂ ਜ਼ਾਹਰ ਕਰਦੇ ਹਨ। ਕਹਾਣੀ ਦੇ ਅੰਤ ਵਿੱਚ ਜ਼ਿੰਦਗੀ ਦੀ ਅਸਥਿਰਤਾ ਅਸਲ ਵਿੱਚ ਮਰਦ ਦੀ ਕਾਮ ਇੱਛਾ ਦੀ ਅਪੂਰਤੀ ਹੋ ਜੋ ਉਸ ਦੀ ਮਾਨਸਿਕ ਭਟਕਣਾ ਦਾ ਕਾਰਣ ਵੀ ਬਣਦੀ ਹੈ। ਕਹਾਣੀ 'ਪਾਰਵਤੀ' ਵਿੱਚ ਪਾਰਵਤੀ ਪਾਤਰ ਨਿਮਨ ਵਰਗ ਦੀ ਦਮਿਤ ਔਰਤ ਹੈ ਜੋ ਮੰਦੀ ਆਰਥਿਕਤਾ ਕਰਕੇ ਦੂਜੇ ਮਰਦਾਂ ਨਾਲ ਜਿਨਸੀ-ਸੰਬੰਧ ਬਣਾਉਂਦੀ ਦੇਹ-ਵਪਾਰ ਦਾ ਕਾਰਜ ਕਰਦੀ ਹੈ। ਇਸ ਤਰ੍ਹਾਂ ਪ੍ਰੇਮ ਪ੍ਰਕਾਸ਼ ਦੀ ਰਚਨਾਤਮਕ ਕਲਾਤਮਕਤਾ ਇਸ ਵਿੱਚ ਹੈ ਕਿ ਉਹ ਪਾਰਵਤੀ ਕਹਾਣੀ ਵਿੱਚ ਔਰਤ ਦੇ ਸਰੂਪ ਨੂੰ ਆਦਰਸ਼ ਵਜੋਂ ਸਥਾਪਿਤ ਕਰਨ ਦੀ ਜਗ੍ਹਾ ਉਸ ਦੇ ਮਨ ਦੇ ਵਿਰਾਟ ਸੱਚ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਪਾਤਰ ਕਾਮ ਵੇਗ ਅਧੀਨ ਵਿਚਰਦੇ ਮਾਨਸਿਕ ਅਸੰਤੁਲਨ ਦੀ ਹੋਣੀ ਦਾ ਸ਼ਿਕਾਰ ਹੋ ਜਾਂਦੇ ਹਨ। ਇੱਥੇ ਇਹ ਮਰਦ ਪਾਤਰ ਮਾਨਸਿਕ ਸੰਤੁਸ਼ਟੀ ਲਈ ਤੀਰਥ ਯਾਤਰਾ ਉੱਤੇ ਜਾਂਦੇ ਹਨ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਤੀਰਥ ਸਥਾਨ ਦੀ ਯਾਤਰਾ ਸਮੇਂ ਵੀ ਔਰਤ ਨਾਲ ਸੰਬੰਧਾਂ ਦੀ ਭਾਵਨਾ/ਇੱਛਾ ਮਰਦ ਪਾਤਰਾਂ ਨਾਲ ਜੁੜੀ ਰਹਿੰਦੀ ਹੈ। 'ਵੰਗ ਦਾ ਟੋਟਾ' ਕਹਾਣੀ ਦਾ ਮੈਂ ਪਾਤਰ ਆਪਣੇ ਮਿੱਤਰ ਪ੍ਰਕਾਸ਼ ਨਾਲ ਮਾਨਸਿਕ ਸ਼ਾਂਤੀ ਲਈ ਗੰਗਾ ਇਸ਼ਨਾਨ ਲਈ ਜਾਂਦਾ ਹੈ। ਕਹਾਣੀ ਵਿੱਚ ਗੰਗਾ ਲਹਿਰਾਂ ਦਾ ਆਨੰਦ ਲੈਂਦਿਆਂ ਜਦ ਮੈਂ ਪਾਤਰ ਦੇ ਹੱਥ ਵਿੱਚ ਵੰਗ ਦਾ ਟੋਟਾ ਆ ਜਾਂਦਾ ਹੈ ਤਾਂ ਉਸ ਦੇ ਅਵਚੇਤਨ ਵਿੱਚ ਵੱਸੀਆਂ ਕਾਮੁਕ ਅਤ੍ਰਿਪਤੀਆਂ ਸੁਰਜੀਤ ਹੋ ਜਾਂਦੀਆਂ ਹਨ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਮਰਦ ਪਾਤਰ ਔਰਤ ਦੇ ਸਰੀਰ ਦੀ ਪ੍ਰਾਪਤੀ ਲਈ ਤੜਪਦੇ ਨਜ਼ਰ ਆਉਂਦੇ ਹਨ। ਇਹ ਪਾਤਰ ਜਦ ਸਮਾਜਿਕ ਮਰਿਆਦਾ ਤੱਕ ਕੇ ਜਿਨਸੀ ਸੰਬੰਧ ਬਣਾਉਂਦੇ ਹਨ ਤਾਂ ਮਰਿਆਦਾ ਭੰਜਕ ਹੋਣ ਕਾਰਣ ਮਨੋਸੰਕਟ ਹੰਢਾਉਂਦੇ ਹਨ। ਕਹਾਣੀ 'ਸ਼ਾਂਤੀ' ਵਿੱਚ ਪੰਡਿਤ ਦੇਵੀ ਦਾਸ ਸ਼ਾਸਤਰੀ ਪਹਿਲਾਂ ਇੱਕ ਕਸਬੇ ਵਿੱਚ ਰਹਿੰਦੀ ਸੱਤੋ ਨਾਮੀ ਔਰਤ ਨਾਲ ਜਿਨਸੀ ਸੰਬੰਧ ਬਣਾਉਂਦਾ ਹੈ, ਜਦੋਂ ਸੱਤੋਂ ਗਰਭਵਤੀ ਹੋ ਜਾਂਦੀ ਹੈ ਤਾਂ ਉਹ ਦੋਸਤ ਨਾਲ ਮਿਲ ਕੇ ਉਸ ਨੂੰ ਹਰਿਦੁਆਰ ਛੱਡ ਆਉਂਦਾ ਹੈ ਤਾਂ ਜੋ ਉਸ ਦਾ ਪਾਪ ਸਮਾਜ ਵਿੱਚ ਨਸ਼ਰ ਲਾ ਹੋ ਸਕੇ। ਸਥਿਤੀ ਦਾ ਦੁਖਾਂਤ ਇਹ ਹੈ ਕਿ ਸੱਤੋ ਨਾਲ ਕੀਤਾ

punjabiforias.com

ਵਿਹਾਰ ਹੀ ਪੰਡਿਤ ਦੇਵੀ ਦਾਸ ਸ਼ਾਸਤਰੀ ਦੀ ਮਾਨਸਿਕ ਅਸੰਤੁਸ਼ਟੀ ਦਾ ਕਾਰਣ ਹੋ ਨਿੱਬੜਦਾ ਹੈ। 'ਸੜਕਾਂ' ਕਹਾਣੀ ਵਿੱਚ ਮੈਂ ਪਾਤਰ ਉਂਜ ਤਾਂ ਆਰਥਿਕ ਤੰਗੀ ਹੰਢਾਉਂਦਾ ਹੈ ਪਰ ਸ਼ਾਮ ਵੇਲੇ ਉਹ ਇੱਕ ਮੰਗਤੀ ਨੂੰ ਜੇਬ ਵਿਚਲੇ ਪੈਸੇ ਦੇ ਕੇ ਜਿਨਸੀ ਤ੍ਰਿਪਤੀ ਕਰਦਾ ਹੈ। ਪ੍ਰਾਪਤ ਪੈਸਿਆਂ ਤੋਂ ਮੰਗਤੀ ਦਾ ਰੋਟੀ ਖਾਣਾ ਅਜਿਹੀਆਂ ਔਰਤਾਂ ਦਾ ਦੁਖਾਂਤ ਪੇਸ਼ ਕਰਦਾ ਹੈ ਜੋ ਆਰਥਿਕ ਤੰਗੀ ਕਾਰਣ ਦੇਹ ਵਪਾਰ ਦਾ ਧੰਦਾ ਕਰਦੀਆਂ ਹਨ। ਲੇਖਕ ਨੇ ਇਹੋ ਅਜਿਹੀਆਂ ਗਰੀਬ ਔਰਤਾਂ ਦੀ ਤੁਲਨਾਂ 'ਸੜਕਾਂ' ਨਾਲ ਕੀਤੀ ਹੈ ਜੋ ਚੁੱਪ-ਚਾਪ ਵਿਛੀਆਂ ਰਹਿੰਦੀਆਂ ਹਨ ਅਤੇ ਹਜ਼ਾਰਾਂ ਮੁਸਾਫ਼ਰ ਉਹਨਾਂ ਉਪਰੋਂ ਗੁਜ਼ਰ ਜਾਂਦੇ ਹਨ। ਨਰ-ਮਾਦਾ ਦਾ ਇੱਕ ਪਾਸੜ ਪਿਆਰ ਵੀ ਉਹਨਾਂ ਦੇ ਦੁਖਾਂਤ ਦਾ ਕਾਰਣ ਬਣ ਜਾਂਦਾ ਹੈ। ਕਹਾਣੀ 'ਰੇਸ਼ਮ ਦਾ ਕੀੜਾ' ਵਿੱਚ ਮਾਸਟਰ ਸਾਗਰ ਦਾ ਇੱਕ-ਪਾਸੜ ਪਿਆਰ ਹੋਣ ਕਾਰਣ ਉਹ ਮਾਨਸਿਕ ਦੁਖਾਂਤ ਦਾ ਭਾਗੀ ਬਣਦਾ ਹੈ। ਪ੍ਰੇਮ ਪ੍ਰਕਾਸ਼ ਆਰੰਭਲੀਆਂ ਕਹਾਣੀਆਂ ਵਿੱਚ ਸਮਾਜਿਕ ਤੇ ਗੈਰ-ਸਮਾਜਿਕ ਸੰਬੰਧਾਂ ਦੇ ਤਨਾਓ ਨੂੰ ਵਾਚਦਾ ਹੋਇਆ ਮਨੋਸੰਕਟ ਹੰਢਾਉਂਦੇ ਮਨੁੱਖ ਦਾ ਰੁਦਨ ਪੇਸ਼ ਕਰਦਾ ਹੈ ਪਰ ਮੁਕਤੀ ਕਹਾਣੀ-ਸੰਗ੍ਰਹਿ ਵਿੱਚ ਉਸ ਦੀ ਦ੍ਰਿਸ਼ਟੀ ਦੇ ਹੋਰ ਵਿਭਿੰਨ ਨੁਕਤੇ ਸਾਹਮਣੇ ਆਉਂਦੇ ਹਨ। ਲੇਖਕ ਨੇ ਔਰਤ-ਮਰਦ ਸੰਬੰਧਾਂ ਨੂੰ ਮਨੁੱਖ ਦੇ ਦਿਮਾਗ ਵਿਚਲੇ ਕਪਾਲ ਨਾਲ ਜੋ ਜੋੜਿਆ ਹੈ। ਲੇਖਕ ਕਿਤੇ ਨਾ ਕਿਤੇ ਸਮਾਜਿਕ ਰਿਸ਼ਤਿਆਂ ਨਾਲੋਂ ਕੁਦਰਤੀ ਰਿਸ਼ਤਿਆਂ ਨੂੰ ਜ਼ਿਆਦਾ ਤਰਜੀਹ ਦਿੰਦਾ ਪ੍ਰਤੀਤ ਹੁੰਦਾ ਹੈ। ਕਹਾਣੀਕਾਰ ਦੁਆਰਾ ਸਿਰਜਤ ਕਹਾਣੀ ਦਾ ਸਿਰਲੇਖ 'ਡੈਂਡਲਾਈਨ' ਕਹਾਣੀ ਦੇ ਅਰਥਾਂ ਨੂੰ ਪ੍ਰਗਟਾਉਂਦਾ ਹੈ। ਡੈਂਡਲਾਈਨ ਇੱਕ ਪਾਸੇ ਤਾਂ ਸੱਤੀ ਦੀ ਮੌਤ ਦਾ ਚਿਹਨ ਹੈ ਤੇ ਦੂਜੇ ਪਾਸੇ ਦਿਉਰ-ਭਾਬੀ ਦੇ ਸਮਾਜਿਕ ਰਿਸ਼ਤੇ ਦੀ ਸੀਮਾਂ ਤੇ ਸੰਭਾਵਨਾ ਹੈ।

'ਕਪਾਲ ਕਿਰਿਆ' ਕਹਾਣੀ ਨੂੰ ਬਿਰਤਾਂਤਕਾਰ ਨੇ ਪੰਜ ਭਾਗਾਂ ਵਿੱਚ ਵੰਡਿਆ ਹੈ ਤੇ ਹਰ ਭਾਗ ਨੂੰ 'ਸੁਰਤ' ਦਾ ਨਾਂ ਦਿੱਤਾ ਹੈ। ਕਹਾਣੀ ਵਿੱਚ ਮੁੱਖ ਪਾਤਰ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਆਪਣੇ ਅਤੀਤ ਸੰਬੰਧੀ ਚੇਤਨਾ ਨੂੰ ਜੋੜਦਾ ਹੈ। ਉਸ ਦੀ ਜ਼ਿੰਦਗੀ ਵਿੱਚ ਬੀਤੀ ਹਰ ਪਿਛਲੀ ਯਾਦ ਨੂੰ 'ਸੁਰਤ' ਦੇ ਸਿਰਲੇਖ ਰਾਹੀਂ ਅਭਿਵਿਅਕਤ ਕਰਨਾ ਕਹਾਣੀਕਾਰ ਦੀ ਕਲਾ ਜੁਗਤ ਹੈ। ਕਹਾਣੀ ਵਿੱਚ ਹਰ ਸੁਰਤ ਵਿੱਚ ਕੁੱਝ ਗਿਣਤੀ ਦੇ ਵਾਕ ਮੋਟੇ ਅੱਖਰਾਂ ਵਿੱਚ ਛਾਪੇ ਗਏ ਹਨ ਅਤੇ ਨਾਲ ਹੀ ਕਹਾਣੀਕਾਰ ਨੇ ਹੇਠਾ ਫੁੱਟ-ਨੋਟ ਦਿੱਤਾ ਹੈ ਕਿ " ਮੋਟੇ ਅੱਖਰਾਂ 'ਚ ਲਿਖੀ ਗੱਲ ਹੀ ਬੋਲੀ ਗਈ ਏ।" ਲੇਖਕ ਦੁਆਰਾ ਵਰਤੀ ਜਾਂਦੀ ਇਹ ਜੁਗਤ ਬੜੀ ਨਿਵੇਕਲੀ ਹੈ। ਕਹਾਣੀ ਰਚਨਾ ਸਮੇਂ ਅਜਿਹਾ ਪ੍ਰਯੋਗ ਸ਼ਾਇਦ ਕਿਸੇ ਹੋਰ ਕਹਾਣਕਾਰ ਨੇ ਨਹੀਂ ਕੀਤਾ ਹੋਵੇਗਾ। ਮੂੰਹੋ ਬੋਲੀ ਗਈ ਗੱਲ ਨੂੰ ਮੋਟੇ ਅੱਖਰਾਂ ਵਿੱਚ ਅੰਕਿਤ ਕਰਨ ਤੋਂ ਭਾਵ ਲੇਖਕ ਨੇ ਆਪਣੀ ਕਹਾਣੀ ਦੇ ਵਿਸ਼ੇ ਨੂੰ ਨਿਰੋਲ ਯਥਾਰਥ ਰੰਗਣ ਦੇਣਾ ਚਾਹੁੰਦਾ ਹੈ। ਸਮੁੱਚੀ ਕਹਾਣੀ ਵਿੱਚ ਮੁੱਖ ਪਾਤਰ ਬੀਤੇ ਦੀਆਂ ਘਟਨਾਵਾਂ ਰਾਹੀਂ ਜ਼ਿੰਦਗੀ ਦੀਆਂ ਨਿਵੇਕਲੀਆਂ ਰਮਜ਼ਾਂ ਨੂੰ ਪੇਸ਼ ਕਰਨ ਵਿੱਚ ਯਤਨਸ਼ੀਲ ਹੈ। ਪ੍ਰੇਮ ਪ੍ਰਕਾਸ਼ ਕਹਾਣੀ ਦੀ ਰਚਨਾ ਸਬੰਧੀ ਲਿਖਦਾ ਹੈ : -

ਕੋਈ ਵੀ ਘਟਨਾ ਮੇਰੇ ਲਈ ਮਹੱਤਵਪੂਰਨ ਨਹੀਂ, ਮਹੱਤਵਪੂਰਨ ਹਨ ਉਸ ਘਟਨਾ ਦੇ ਪ੍ਰਤੀਕਰਮ ਜਿਹੜੇ ਸਮਾਜ 'ਚ ਇਨਸਾਨੀ ਰਿਸ਼ਤੇ ਬਦਲ ਦਿੰਦੇ ਹਨ। ਜ਼ਿੰਦਗੀ ਨੂੰ ਨਵੇਂ ਰੂਪਾਂ 'ਚ ਜ਼ਾਹਿਰ ਕਰਦੇ ਹਨ। ਮੇਰੀ ਕਹਾਣੀ ਦਾ ਮਕਸਦ ਜ਼ਿੰਦਗੀ ਨੂੰ ਨੰਗਿਆਂ ਕਰਨ ਵਾਲੇ ਵੱਧ ਇੰਕਸ਼ਾਫ **(Disclose)** ਕਰਨਾ ਹੈ।

ਡਾ. ਜੋਗਿੰਦਰ ਸਿੰਘ ਰਾਹੀ/ਡਾ. ਰਮਿੰਦਰ ਕੌਰ ਨੇ ਆਪਣੀ ਪੁਸਤਕ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਕਪਾਲ ਵਿੱਚ 'ਕਪਾਲ' ਸੰਕਲਪ ਨੂੰ ਬੜੇ ਸੁਹਜਮਈ ਢੰਗ ਨਾਲ ਪੇਸ਼ ਕੀਤਾ ਹੈ। ਉਹਨਾਂ ਅਨੁਸਾਰ, "ਕਪਾਲ ਨੂੰ ਜੈਵਿਕ ਵਿਗਿਆਨ ਦੀ ਭਾਸ਼ਾ ਵਿੱਚ **Pituiaing gland** ਕਹਿੰਦੇ ਹਨ। ਹਿੰਦੀ ਭਾਸ਼ਾ ਮੁਤਾਬਕ ਇਸ ਨੂੰ 'ਪਿਯੂਸ ਗ੍ਰੰਥੀ' ਵੀ ਕਿਹਾ ਜਾਂਦਾ ਹੈ। ਕਪਾਲ ਅਰਥਾਤ 'ਪਿਯੂਸ ਗ੍ਰੰਥੀ' ਦਿਮਾਗ ਤੇ ਪਿਛਲੇ ਪਾਸੇ ਸਖ਼ਤ ਹੱਡੀ ਤੇ ਥੱਲੇ ਸੁਰੱਖਿਅਤ ਇੱਕ ਗਲੈਂਡ ਹੁੰਦਾ ਹੈ। ਇਸ ਗਲੈਂਡ ਅਰਥਾਤ ਮਾਸ-ਗੰਢ ਜਾਂ ਗ੍ਰੰਥੀ ਕੋਸ਼ ਵਿੱਚ ਕਾਮ ਦੇ ਹਾਰਮੋਨ ਪੈਦਾ ਹੁੰਦੇ ਹਨ, ਜੋ ਮਰਦ ਜਾਂ ਇਸਤਰੀ ਵਿੱਚ ਕਾਮ ਦੀ ਉਤੇਜਨਾ ਜਾਂ ਇੱਛਾ ਪੈਦਾ ਕਰਦੇ ਹਨ। ਇਹ ਇਹਨਾਂ ਦਾ ਪਹਿਲਾ ਪ੍ਰਕਾਰਜ ਹੈ। ਦੂਜਾ ਪ੍ਰਕਾਰਜ ਹੈ ਜ਼ਿੰਦਗੀ ਨੂੰ ਪੂਰੀ ਸ਼ਿੱਦਤ ਨਾਲ ਜੀਊਣ ਦੀ ਅਕਾਂਖਿਆ ਦਾ ਅਤੇ ਇਸ ਦਾ ਤੀਜਾ ਪ੍ਰਕਾਰਜ ਬੰਦੇ ਵਿੱਚ ਰਚਨਾਤਮਕ ਪ੍ਰਵਿਰਤੀਆਂ ਦੇ ਉਭਰਨ ਤੇ ਵਿਕਾਸ ਕਰਨ ਨਾਲ ਸੰਬੰਧ ਰੱਖਦਾ ਹੈ। ਇਹ ਤੀਜਾ ਪ੍ਰਕਾਰਜ ਜਰੂਰੀ ਨਹੀਂ ਕਿ ਹਰ ਵਿਅਕਤੀ ਵਿੱਚ ਹਕੀਕਤ ਬਣ ਕੇ ਉਭਰੇ। ਕਪਾਲ ਦੇ ਗ੍ਰੰਥੀ ਕੋਸ਼ ਵਿੱਚ ਇੱਕ ਤਰਲ ਪਦਾਰਥ ਹੁੰਦਾ ਹੈ। ਇਸ ਤਰਲ ਪਦਾਰਥ ਵਿੱਚ ਹੀ ਕਾਮ ਦੇ ਹਾਰਮੋਨਜ਼ ਪੈਦਾ ਹੁੰਦੇ ਹਨ, ਜਿਨ੍ਹਾਂ ਵਿੱਚ ਕਈ ਪ੍ਰਕਾਰ ਦੀ ਹਰਕਤ ਤੇ ਉਥਲ-ਪੁਥਲ ਹੁੰਦੀ ਹੈ। ਇਸ ਹਰਕਤ ਨਾਲ ਹੀ ਬੰਦੇ ਦੀ ਕਾਮ ਪ੍ਰਵਿਰਤੀ ਵਿੱਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਉੱਤੇ ਖਾਣ-ਪੀਣ ਦੀਆਂ ਆਦਤਾਂ ਵੀ ਅਸਰ ਪਾਉਂਦੀਆਂ ਹਨ। ਭਾਰਤੀ ਲੋਕਧਾਰਾ ਅਨੁਸਾਰ ਕਪਾਲ ਦਾ ਇਹ ਤਰਲ ਪਦਾਰਥ ਜਿਸ ਵਿੱਚ ਬੰਦੇ ਦੀਆਂ ਕਾਮਨਾਵਾਂ ਸੰਜੀਵ ਰੂਪ ਵਿੱਚ ਜਾਂ ਬੁਝੇ ਜਿਹੇ ਅਵਸ਼ੇਸ਼ ਦੇ ਰੂਪ ਵਿੱਚ ਕਾਇਮ ਰਹਿੰਦੀਆਂ ਹਨ, ਸਖ਼ਤ ਖੋਪੜੀ ਵਿੱਚ ਸੁਰੱਖਿਅਤ ਹੋਣ ਕਾਰਣ ਦਾਹ-ਸੰਸਕਾਰ ਦੀ ਪ੍ਰਕਿਰਿਆ ਵਿੱਚ ਵੀ ਇਹ ਛੇਤੀ ਕੀਤੇ ਸੜਦਾ ਨਹੀਂ। ਇਸ ਵਿੱਚੋਂ ਇਹ ਚਿੰਤਾ ਉਤਪੰਨ ਹੋ ਜਾਂਦੀ ਹੈ ਕਿ ਜੇ ਕਪਾਲ ਵਿਚਲੇ ਤਰਲ ਪਦਾਰਥ ਦਾ ਦਾਹ ਸੰਪੂਰਨ ਨਾ ਹੋਇਆ ਤਾਂ ਉਸ ਵਿੱਚ ਨਿਹਿਤ ਕਾਮਨਾਵਾਂ, ਖਾਸ ਕਰਕੇ ਕਾਮ-ਪ੍ਰਵਿਰਤੀ ਨਾਲ ਸੰਬੰਧਿਤ ਕਾਮਨਾਵਾਂ, ਮੌਤ ਤੋਂ ਬਾਅਦ ਵੀ ਜ਼ਿੰਦਾ ਰਹਿਣਗੀਆਂ ਅਤੇ ਬੰਦੇ ਦੀ ਮੁਕਤੀ ਨਹੀਂ ਹੋਵੇਗੀ। 'ਕਪਾਲ ਕਿਰਿਆ' ਕਹਾਣੀ ਉੱਤਮ ਪੁਰਖੀ ਬਿਰਤਾਂਤ ਸ਼ੈਲੀ ਵਿੱਚ ਹੈ। ਪ੍ਰੇਮ ਪ੍ਰਕਾਸ਼ 'ਕਪਾਲ ਕਿਰਿਆ' ਕਹਾਣੀ ਦੀ ਰਚਨਾ-ਪ੍ਰਕਿਰਿਆ ਸੰਬੰਧੀ ਆਖਦਾ ਹੈ ਕਿ "ਅਸਲ ਵਿੱਚ ਮੈਂ ਸਮਝਦਾ ਹਾਂ ਕਿ ਬੰਦਾ ਦਿਸਦੇ ਰੂਪ 'ਚ ਜਿਹੜੀ ਜ਼ਿੰਦਗੀ ਜਿਉਂਦਾ ਏ, ਉਹ ਉਹਦੇ ਕੁਲ ਜੀਵਨ ਦਾ ਵੀਹ ਪ੍ਰਤੀਸ਼ਤ ਹੁੰਦਾ ਏ। ਪਾਕੀ ਅੱਸੀ ਪ੍ਰਤੀਸ਼ਤ ਬੰਦਾ ਕਲਪਨਾ ਤੇ ਸੁਫ਼ਨਿਆਂ ਵਿੱਚ ਜਿਉਂਦਾ ਏ। ਕਲਪਨਾ ਕਰਦਾ ਬੰਦਾ ਵੀ ਪੂਰਾ ਚੇਤਨ ਨਹੀਂ ਹੁੰਦਾ। ਉਹਦੀ ਚੇਤਨਾ ਕਾਫੀ ਖੋਈ ਹੋਈ ਹੁੰਦੀ ਏ। ਕਹਾਣੀਕਾਰ ਪ੍ਰੇਮ ਪ੍ਰਕਾਸ਼ ਇਸ ਸੰਬੰਧੀ ਟਿੱਪਣੀ ਕਰਦਾ ਹੈ :

ਮੈਂ ਇੱਕ ਕਹਾਣੀ 'ਕਪਾਲ ਕਿਰਿਆ' ਲਿਖੀ ਸੀ। ਉਸ ਕਹਾਣੀ ਨੂੰ ਸੋਚਦਿਆਂ ਮੈਂ ਰਾਤਾਂ ਨੂੰ ਉੱਠ ਕੇ ਬਹਿ ਜਾਂਦਾ ਸੀ ਤੇ ਜਿਹੜਾ ਵਾਕ ਮੇਰੇ ਅੰਦਰ ਬਣਦਾ ਸੀ, ਮੈਂ ਕਾਗ਼ਜ਼ 'ਤੇ ਲਿਖ ਲੈਂਦਾ ਸੀ। ਉਹਦੇ ਵਿੱਚ ਮੈਂ ਦੱਸਣਾ ਚਾਹੁੰਦਾ ਸੀ ਕਿ ਦੁਨੀਆਂ ਨੂੰ ਤਿਆਗ ਕੇ ਤਪ ਕਰਨ ਵਾਲੇ ਬ੍ਰਾਹਮਣ ਦੇ ਮਨ 'ਚ ਇੱਕ ਇਸਤਰੀ ਕਿਵੇਂ ਵੱਸ ਕੇ ਬੈਠ ਗਈ ਏ, ਉਹਦੀ ਹਾਲਤ ਕਿਵੇਂ ਦੱਸੀ ਜਾ ਸਕਦੀ ਏ? ਪ੍ਰੇਮ ਪ੍ਰਕਾਸ਼ ਵਾਸਤੇ ਅੱਜ ਦੇ ਮਨੁੱਖ ਲਈ ਸਭ ਤੋਂ ਵੱਡੀ ਆਵੱਸ਼ਕਤਾ ਤੇ ਸਮੱਸਿਆ ਆਪਣੇ ਆਪ ਤੇ ਆਲੇ-ਦੁਆਲੇ ਨਾਲ ਜੁੜੇ, ਜੁੜ ਰਹੇ ਜਾਂ ਖੰਡਿਤ ਹੋ ਰਹੇ ਰਿਸ਼ਤਿਆਂ ਨੂੰ ਪਹਿਚਾਨਣਾ, ਨਵੀਂਆਂ ਪ੍ਰਸਥਿਤੀਆਂ ਵਿੱਚ ਰਿਸ਼ਤਿਆਂ ਦੀਆਂ ਨਵੀਆਂ ਸੀਮਾਵਾਂ ਨੂੰ ਉਲੀਕਣਾ ਅਤੇ ਉਹਨਾਂ ਨੂੰ ਨਵੇਂ ਨਾਂ ਪ੍ਰਦਾਨ ਕਰਨਾ ਹੈ।

punjabiforias.com

ਡਾ. ਕਿਰਨਦੀਪ ਸਿੰਘ ਕਿਰਨ : ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਕੇਂਦਰੀ ਪਛਾਣ ਔਰਤ-ਮਰਦ ਦੇ ਰਿਸ਼ਤਿਆਂ ਵਿੱਚ ਆਏ ਅਸੰਤੁਲਨ ਨੂੰ ਉਘਾੜਨਾ ਹੈ। ਰਿਸ਼ਤਿਆਂ ਦੀ ਅਤ੍ਰਿਪਤੀ ਵਿੱਚ ਜੋ ਮਨੋਤਰੰਗਾਂ ਉਪਜਦੀਆਂ ਹਨ, ਪ੍ਰੇਮ ਪ੍ਰਕਾਸ਼ ਉਹਨਾਂ ਤਰਲ ਦਰਦ ਵੇਗਾਂ ਨੂੰ ਉਸਾਰਦਾ ਹੈ। ਉਹ ਤਨ ਤੇ ਮਨ ਦੀਆਂ ਅਤ੍ਰਿਪਤੀਆਂ ਨੂੰ ਪਸਾਰਨ ਲਈ ਤੀਖਣ ਦਾ ਦ੍ਰਿਸ਼ਟੀ ਦਾ ਰਚਨਾਕਾਰ ਹੈ। ਇਹੀ ਕਾਰਨ ਹੈ ਕਿ ਉਹ ਆਪਣੀਆਂ ਪੈੜਾਂ ਆਪ ਸਿਰਜਦਾ ਹੈ, ਅਣਦਿਸਦੇ ਨੂੰ ਪਕੜਨ ਵਾਲਾ ਕਹਾਣੀਕਾਰ ਹੈ।

'ਟੈਲੀਫੋਨ' ਕਹਾਣੀ ਦੀ ਨਾਇਕਾ ਪਤੀ ਦੇ ਦੇਹਾਂਤ ਬਾਅਦ ਪਤੀ ਦੇ ਦੋਸਤ ਪ੍ਰੋਫੈਸਰ ਥਾਪਰ ਨਾਲ ਮਾਨਸਿਕ ਸਾਂਝ ਬਣਾਉਂਦੀ ਹੈ। ਮੈਂ ਪਾਤਰ ਦੇ ਇਸ ਵਿਹਾਰ ਦਾ ਵਿਰੋਧ ਉਸ ਦੇ ਡਾਕਟਰ ਨੂੰਹ-ਪੁੱਤਰ ਕਰਦੇ ਹਨ ਜਿਸ ਦੇ ਸਿੱਟੇ ਵਜੋਂ ਇਕੱਲਤਾ ਮੈਂ ਪਾਤਰ ਦੇ ਮਨੋਰੋਗ ਦਾ ਰੂਪ ਧਾਰਨ ਕਰ ਜਾਂਦੀ ਹੈ। 'ਸਵੇਤਾਂਬਰ ਨੇ ਕਿਹਾ ਸੀ' ਵਿੱਚ ਅਜਿਹੀ ਸਥਿਤੀ ਸਾਹਮਣੇ ਆਉਂਦੀ ਹੈ। ਮੁੱਖ ਪਾਤਰ ਸ਼ਾਰਦਾ ਦਾ ਪਤੀ ਇੰਗਲੈਂਡ ਜਾ ਕੇ ਕਿਸੇ ਹੋਰ ਇਸਤਰੀ ਨਾਲ ਵਿਆਹ ਕਰਵਾ ਲੈਂਦਾ ਹੈ ਅਤੇ ਫਿਰ ਵਾਪਸ ਨਹੀਂ ਪਰਤਦਾ। ਇਸ ਸੰਤਾਪ ਨੂੰ ਹੰਢਾਉਂਦੀ ਉਹ ਨੂੰਹ-ਪੁੱਤਰ ਦੁਆਰਾ ਲਗਾਈਆਂ ਬੰਦਿਸ਼ਾਂ ਕਾਰਨ ਅਸੰਤੁਸ਼ਟ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਵਿਆਹ ਬਾਹਰੇ ਸੰਬੰਧਾਂ ਦਾ ਮੁੱਖ ਕਾਰਣ ਅਸਲ ਵਿੱਚ ਔਰਤ-ਮਰਦ ਦਾ ਇਸ ਅਕੇਵੇਂ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਹੈ। ਇਸ ਕੋਸ਼ਿਸ਼ ਵਿੱਚ ਉਹ ਗੈਰ-ਮਰਦ-ਔਰਤ ਨਾਲ ਸੰਬੰਧ ਬਣਾਉਂਦੇ ਹਨ। ਮਨੁੱਖ ਦਾ ਰੋਜ਼ਾਨਾ ਜ਼ਿੰਦਗੀ ਤੋਂ ਅਕੇਵੇਂ ਦਾ ਸਥੂਲ  ਕਾਰਣ ਉਹਨਾਂ ਦਾ ਬਾਹਰੀ ਜਗਤ ਨਹੀਂ ਸਗੋਂ ਆਂਤਰਿਕ ਜਗਤ ਬਣਦਾ ਹੈ। ਜ਼ਿੰਦਗੀ ਦੀ ਨੀਰਸਤਾ 'ਚੋਂ ਉਪਜਿਆ ਵਿਸ਼ਾਦ ਪਾਤਰਾਂ ਦੇ ਮਨੋਸੰਕਟ ਦਾ ਕਾਰਨ ਬਣ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਦੀ ਕਥਾ-ਦ੍ਰਿਸ਼ਟੀ ਮਨੁੱਖ ਦੇ ਆਂਤਰਿਕ ਜਗਤ ਦਾ ਹੁੰਗਾਰਾ ਭਰਦੀ ਹੈ। ਉਹ ਭਾਰਤੀ ਸਮਾਜਿਕ ਬੰਧਨਾਂ 'ਤੇ ਵਿਅੰਗ ਕਰਦਾ ਹੈ ਜੋ ਮਨੁੱਖ ਨੂੰ ਆਤਮਿਕ ਸੰਤੁਸ਼ਟੀ ਨਹੀਂ ਦਿੰਦੇ। ਕਹਾਣੀ 'ਪਦਮਾ ਦੇ ਪੈਰ' ਵਿੱਚ ਮੁੱਖ ਪਾਤਰ ਦੀ ਪਰਵਰਿਸ਼ ਉਸ ਦੀ ਵਿਧਵਾ ਮਾਂ ਕਰਦੀ ਹੈ। ਜੁਆਨ ਹੋਣ 'ਤੇ ਉਸਦਾ ਵਿਆਹ ਪਦਮਾ ਨਾਲ ਹੋ ਜਾਂਦਾ ਹੈ। ਇਥੇ ਮਾਂ ਦੇ ਬਦਲੇ ਵਿਹਾਰ ਨੂੰ ਕਦੀ ਉਹ ਮੀਨੋਪਾਜ਼ ਦੀ ਸਮੱਸਿਆ ਤੇ ਕਦੀ ਉਸ ਦੇ ਮਨ ਵਿੱਚ ਵੱਸੀ ਅਸੁਰੱਖਿਆ ਦੀ ਭਾਵਨਾ ਮੰਨਦਾ ਹੈ। 'ਪਰਫਾਰਮੈਂਸ' ਕਹਾਣੀ ਦੇ ਵਿੱਚ ਇੰਦਰਾਣੀ ਪਾਤਰ ਅਜਿਹੀ ਹੈ ਜੋ ਸਮਾਜਕ ਹੀਣਤਾ ਹੰਢਾਉਂਦੀ ਬਾਗੀ ਹੈ ਤੇ ਫਿਰ ਮਰਦ ਨੂੰ ਗ਼ੁਲਾਮ ਬਣਾ ਕੇ ਖੁਸ਼ੀ ਮਹਿਸੂਸ ਕਰਦੀ ਹੈ। ਇੰਦਰਾਣੀ ਆਪਣੇ ਕਲਾਕਾਰਾਂ ਨਾਲ ਜਿਨਸੀ-ਸੰਬੰਧ ਬਣਾਉਂਦੀ ਹੈ।

'ਸ਼ੋਲਡਰ ਬੈਗ' ਕਹਾਣੀ ਦੋ ਭਾਗਾਂ ਵਿੱਚ ਵੰਡੀ ਹੋਈ ਹੈ। ਕਹਾਣੀ ਦਾ ਬਿਰਤਾਂਤ ਦੋਵਾਂ ਭਾਗਾਂ ਵਿੱਚ ਵੱਖਰਾ-ਵੱਖਰਾ ਹੈ। ਇੰਝ ਪ੍ਰਤੀਤ ਹੁੰਦਾ ਹੈ 'ਸ਼ੋਲਡਰ ਬੈਗ' (1) ਕਹਾਣੀ ਲੇਖਕ ਨੇ ਪਹਿਲਾਂ ਲਿਖੀ ਤੇ 'ਸ਼ੋਲਡਰ ਬੈਗ (2)' ਕਹਾਣੀ ਪਹਿਲੇ ਵਿਚਾਰਾਂ ਦੇ ਸਪੱਸ਼ਟੀਕਰਣ ਵਜੋਂ ਲਿਖੀ ਗਈ ਹੈ।

ਪ੍ਰੇਮ ਪ੍ਰਕਾਸ ਦੀ ਦ੍ਰਿਸ਼ਟੀ ਔਰਤ-ਮਰਦ ਦਾ ਵਿਰੋਧਾਭਾਸ ਵੀ ਪੇਸ਼ ਕਰਦੀ ਹੈ। ਮਰਦ-ਔਰਤ ਪਾਤਰ ਬੇਸ਼ੱਸ ਸਮਾਜ ਸਾਹਵੇ ਨਸ਼ਰ ਨਹੀਂ ਹੁੰਦੇ ਪਰ ਦੋਵੇਂ ਧਿਰਾਂ ਅਚਾਨਕ ਉਣਤਾਈ ਦੇ ਘੇਰੇ ਵਿੱਚ ਜਾ ਖਲੋਂਦੀਆਂ ਹਨ। ਮਰਦ ਦੀ ਔਰਤ ਉਪਰ ਕਬਜ਼ੇ ਦੀ ਭਾਵਨਾ ਔਰਤ ਦੀ ਆਜ਼ਾਦੀ 'ਤੇ ਰੋਕ ਪਾਉਂਦੀ ਹੈ ਜਿਸ ਕਾਰਣ ਦੋਹਾਂ ਧਿਰਾਂ ਵਿੱਚ ਤਣਾਉ ਉਤਪੰਨ ਹੁੰਦਾ ਹੈ। ਕਾਮ-ਸੰਬੰਧਾਂ ਦੌਰਾਨ ਮਰਦ ਪਾਤਰ ਜਿਸ ਔਰਤ ਨੂੰ ਦੇਵੀ ਕਿਆਸਦੇ ਹਨ ਜੇਕਰ ਉਹੀ ਔਰਤ ਹੋਰਨਾਂ ਮਰਦਾਂ ਨਾਲ ਸੰਬੰਧ ਬਣਾਉਂਦੀ ਹੈ ਤਾਂ ਸਮਾਜਕ ਤ੍ਰਿਸਕਾਰ ਦੀ ਪਾਤਰ ਬਣਦੀ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਔਰਤ ਪਾਤਰ ਪਰੰਪਰਾਗਤ ਕੀਮਤਾਂ ਨੂੰ ਤਜ ਕੇ ਮਰਦ ਦੀ ਬਰਾਬਰੀ ਵਿੱਚ ਵਿਚਰਨਾ ਲੋਚਦੀ ਹੈ। ਡਾ. ਸਤਿੰਦਰ ਔਲਖ ਇਸ ਸੰਬੰਧੀ ਟਿੱਪਣੀ ਕਰਦੇ ਹਨ ਕਿ "ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਇਸਤਰੀ ਪਰੰਪਰਾਗਤ ਮਰਦ ਪ੍ਰਧਾਨ ਸਮਾਜਿਕ ਪ੍ਰਬੰਧ ਦੀਆਂ ਕਦਰਾਂ ਕੀਮਤਾਂ ਨੂੰ ਚੁੱਪ-ਚਾਪ ਸਵੀਕਾਰ ਨਹੀਂ ਕਰਦੀ। ਇਸ ਦੀ ਮੁੱਖ ਸਮੱਸਿਆ ਇਸ ਪ੍ਰਬੰਧ ਵਿੱਚ ਆਪਣੀ ਵੱਖਰੀ ਪਛਾਣ ਦੀ ਤਲਾਸ਼ ਵਿੱਚ ਉਹ ਕਈ ਵਾਰ ਫਿਰ ਪਿੱਛੇ ਮੁੜ ਕੇ ਪਰੰਪਰਾ, ਰੀਤੀ-ਰਿਵਾਜਾਂ ਤੇ ਧਾਰਮਿਕ ਵਿਸ਼ਵਾਸਾਂ ਦਾ ਸਹਾਰਾ ਲੈਣ ਦਾ ਯਤਨ ਕਰਦੀ ਹੈ, ਪਰ ਉਹ ਇਸ ਵਿੱਚ ਸਫਲ ਨਹੀਂ ਹੁੰਦਾ ਕਿਉਂਕਿ ਛੇਤੀ ਹੀ ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਜ਼ਿੰਦਗੀ ਵਿੱਚ ਆਈ ਖੜੋਤ ਨੂੰ ਰੂਹਾਨੀਅਤ ਦੀ ਤਲਾਸ਼ ਰਾਹੀਂ ਦੂਰ ਨਹੀਂ ਕੀਤਾ ਜਾ ਸਕਦਾ। ਉਹ ਧਰਮ, ਜਾਤੀ ਤੇ ਅੰਧ-ਵਿਸ਼ਵਾਸੀ ਰਸਮੋਂ-ਰਿਵਾਜਾਂ ਤੇ ਰਹੁ-ਰੀਤਾਂ ਦਾ ਤਿਆਗ ਕਰ ਕੇ ਆਪਣੇ ਮਾਂ-ਬਾਪ ਦੀ ਪਰੰਪਰਾਗਤ ਸੋਚ ਤੋਂ ਕਿਨਾਰਾਕਸ਼ੀ ਕਰਦੀ ਹੈ। ਉਹ ਪਰੰਪਰਾਗਤ ਭਾਰਤੀ ਪਤਨੀ ਦੀ ਥਾਂ ਪਤੀ ਵੱਲੋਂ ਕੀਤੀ ਹਰ ਵਧੀਕੀ ਨੂੰ ਚੁੱਪ-ਚਾਪ ਨਹੀਂ ਸਹਿੰਦੀ। ਉਸ ਨੂੰ ਵੱਡੀ ਉਮਰ ਵਿੱਚ ਵੀ ਮਰਦ ਦੇ ਸਾਥ ਤੇ ਦੋਸਤੀ ਦੀ ਲੋੜ ਸੁਭਾਵਿਕ ਲੱਗਦੀ ਹੈ। ਪਰ ਉਸ ਵਿੱਚ ਏਨਾ ਸਾਹਸ ਨਹੀਂ ਕਿ ਉਸਨੂੰ ਸਮਾਜ ਅੱਜੇ ਉਚਿਤ ਵੀ ਠਹਿਰਾ ਸਕੇ। ਸਮਾਜਿਕ ਮਰਿਆਦਾ ਦਾ ਭੈਅ ਉਸਦੀ ਮਾਨਸਿਕਤਾ ਦਾ ਹਿੱਸਾ ਬਣ ਕੇ ਉਸ ਤੋਂ ਉਸ ਦੀ ਸੁਤੰਤਰਾ ਖੋਹ ਲੈਂਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਬਹੁਤ ਪਾਤਰ ਜੁਆਨੀ ਦੀ ਸਥਿਤੀ ਨਹੀਂ ਸਗੋਂ ਬੁਢਾਪੇ ਦੇ ਕਰੀਬ ਆਉਣ 'ਤੇ ਇਕੱਲਤਾ ਭੋਗਦੇ ਹਨ ਤਾਂ ਆਪਣੀ ਮਨਮਰਜ਼ੀ ਦੇ ਰਿਸ਼ਤੇ ਨਿਭਾਉਣਾ ਚਾਹੁੰਦੇ ਹਨ। ਇਹਨਾਂ ਕਹਾਣੀਆਂ ਵਿੱਚ ਔਰਤ-ਮਰਦ ਸੰਬੰਧਾਂ ਦੇ ਵਿਭਿੰਨ ਪਹਿਲੂ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਮਨੁੱਖੀ ਮਨ ਦੀਆਂ ਅਤ੍ਰਿਪਤੀਆਂ ਵਿੱਚੋਂ ਉਪਜੇ ਵਿਸ਼ਾਦ ਨੂੰ ਨਸ਼ਰ ਕਰਦੇ ਹਨ।

ਅਨਯ-ਪੁਰਖ ਬਿਰਤਾਂਤਕ ਸ਼ੈਲੀ ਵਿੱਚ ਲਿਖੀ ਕਹਾਣੀ 'ਸੁਣਦੈ ਖ਼ਲੀਫਾ' ਦਾ ਸਿਰਲੇਖ ਮਹੱਤਵਪੂਰਨ ਹੈ ਜੋ ਮਰਦ ਦੇ ਔਰਤ ਪ੍ਰਤੀ ਵਚਿੱਤਰ ਵਰਤਾਰੇ ਦੇ ਰਹੱਸਾਂ ਨੂੰ ਖੋਲ੍ਹਦਾ ਹੈ। 'ਖਲੀਫਾ' ਮੂਲ ਰੂਪ ਵਿੱਚ ਉਹਨਾਂ ਸ਼ਖਸ਼ੀਅਤਾਂ ਨੂੰ ਆਖਿਆ ਜਾਂਦਾ ਸੀ, ਜੋ ਹਜ਼ਰਤ ਮੁਹੰਮਦ ਦੇ ਦੇਹਾਂਤ ਤੋਂ ਬਾਅਦ ਇਸਲਾਮੀ ਦੁਨੀਆਂ ਦੀਆਂ ਧਾਰਮਿਕ ਤੇ ਰਾਜਸੀ ਸਰਬਰਾਹ ਬਣੀਆਂ। ਲੇਖਕ ਕਹਾਣੀ ਰਾਹੀਂ ਖ਼ਲੀਫਾ ਦੀ ਮਿੱਥ ਨੂੰ ਤੋੜਦਾ ਪ੍ਰਤੀਤ ਹੁੰਦਾ ਹੈ। ਖ਼ਲੀਫਾ ਦੇ ਸ਼ਹੁਦੀ ਲਾਹੌਰਨ ਕਹਾਣੀ ਦੇ ਮੁੱਖ ਪਾਤਰ ਹਨ। ਖ਼ਲੀਫਾ ਦਾ ਅਸਲ ਨਾਂ ਠਾਕੁਰ ਬਸੰਤ ਸਿੰਘ ਹੈ ਤੇ ਸ਼ਹੁਦੀ ਲਾਹੌਰਨ ਦਾ ਨਾਂ ਮਾਇਆ ਹੈ ਜੋ ਵਿਅੰਗ ਭਰਪੂਰ ਹਨ। ਕਹਾਣੀ ਦੇ ਆਰੰਭ ਵਿੱਚ ਮਾਇਆ ਦਾ ਪਤੀ ਆਰ.ਕੇ. ਸ਼ਰਮਾਂ ਮਰ ਚੁੱਕਾ ਹੈ। ਉਸ ਦਾ ਮੁਰਦਾ 'ਖ਼ਲੀਫਾ' ਨੂੰ ਚੈਨ ਨਾਲ ਸੌਣ ਨਹੀਂ ਦਿੰਦਾ ਅਤੇ ਸੁਪਨਿਆਂ ਵਿੱਚ ਖੱਫਣ ਸਮੇਤ ਉੱਚਾ ਉੱਠ ਕੇ ਦੋ-ਦੋ ਚੱਕਰ ਕੱਟ ਕੇ ਫ਼ਰਸ਼ ਉੱਤੇ ਡਿੱਗ ਪੈਂਦਾ ਹੈ। ਸੁਪਨੇ ਦੇ ਵਿਡੰਬਨਾਤਮਕ ਖ਼ੌਫ ਅਧੀਨ ਵਿਚਰਦਾ ਠਾਕੁਰ ਮਾਨਸਿਕ ਤੌਰ 'ਤੇ ਬੇਚੈਨ ਰਹਿੰਦਾ ਹੈ। ਠਾਕੁਰ ਆਪਣੇ ਪਰਿਵਾਰ ਨੂੰ ਪਿੰਡ ਛੱਡ ਕੇ ਸ਼ਹਿਰ ਵਿੱਚ ਮਾਇਆ ਨਾਲ ਜੋੜਿਆ ਹੋਇਆ ਗ਼ੈਰ-ਸਮਾਜਿਕ ਰਿਸ਼ਤਾ ਨਿਭਾਉਂਦਾ ਹੈ। ਮਾਇਆ ਅਕਸਰ ਖ਼ਲੀਫਾ ਨੂੰ ਪਿੰਡ ਪਰਤਣ ਲੀ ਆਖਦੀ ਹੈ। ਖ਼ਲੀਫਾ ਇਸ ਗੱਲ ਤੋਂ ਵਿੱਚਲਿਤ ਹੈ ਕਿ ਮਾਇਆ ਉਸ ਨਾਲ ਇਸ ਸਮੇਂ ਅਜਿਹਾ ਵਿਹਾਰ ਕਿਉਂ ਕਰ ਰਹੀ ਹੈ? ਖ਼ਲੀਫਾ ਵੀ ਇਸ ਗੱਲ ਤੋਂ ਹੈਰਾਨ ਹੈ ਕਿ ਕਿਉਂ ਮਾਇਆ ਦੀਆਂ ਦਹਿਲੀਜ਼ਾਂ 'ਤੇ ਆ

punjabiforias.com

ਕੇ ਟਿਕਦਾ ਹੈ?

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਮਰਦ ਪਾਤਰ ਅਤੀਤ ਵਿੱਚ ਹੰਢਾਈ ਕਿਸੇ ਔਰਤ ਦਾ ਅਕਸ ਤਲਾਸ਼ਦੇ ਹੋਰਨਾਂ ਔਰਤਾਂ ਨਾਲ ਜਿਨਸੀ-ਸੰਬੰਧ ਬਣਾਉਂਦੇ ਹਨ। ਉਹਨਾਂ ਦੇ ਅਚੇਤ ਮਨ ਵਿੱਚ ਵੱਸੀ ਔਰਤ ਉਹਨਾਂ ਅੰਦਰ ਕਾਮ-ਉਤੇਜਨ ਪੈਦਾ ਕਰਦੀ ਹੈ। 'ਉਸ ਰਾਤ' ਕਹਾਣੀ ਵਿੱਚ ਮੈਂ ਪਾਤਰ ਕੇ ਪਿੰਡ ਵਿੱਚ ਰਹਿੰਦਿਆ ਹੋਇਆ ਸਾਹਮਣੇ ਘਰ ਦੀ ਗੁਆਂਢਣ ਧੰਨੋ ਨਾਲ ਜਿਨਸੀ-ਸੰਬੰਧ ਬਣ ਜਾਂਦੇ ਹਨ। ਫਿਰ ਮੈਂ ਪਾਤਰ ਸ਼ਹਿਰ ਆ ਜਾਂਦਾ ਹੈ। ਉਸ ਦੇ ਬੱਚੇ ਇੰਗਲੈਂਡ ਚਲੇ ਜਾਂਦੇ ਹਨ ਪਰ ਮੈਂ ਪਾਤਰ ਦੇ ਜ਼ਿਹਨ ਵਿੱਚੋਂ ਧੰਨੋ ਨਾਲ ਬਿਤਾਈ ਮੀਂਹ ਵਾਲੀ ਰਾਤ ਨਹੀਂ ਜਾਂਦੀ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਸਿਰਲੇਖ ਬੜੇ ਸੁਹਜਾਤਮਕ ਹਨ। ਹਰ ਸਿਰਲੇਖ ਪਾਠ ਵਿਚਲੀ ਵਿਡੰਬਨਾਤਮਕ ਕਥਾ ਦਾ ਚਿਹਨ ਪ੍ਰਗਟਾਉਂਦਾ ਨਜ਼ਰ ਆਉਂਦਾ ਹੈ ਜੋ ਪ੍ਰੇਮ ਪ੍ਰਕਾਸ਼ ਦੀ ਕਲਾਤਮਕਤਾ ਦਾ ਪ੍ਰਗਟਾ ਹੈ। ਪ੍ਰੇਮ ਪ੍ਰਕਾਸ਼ ਸਥੂਲ ਤੱਥਾਂ ਜਾਂ ਵੇਰਵਿਆਂ ਤੋਂ ਗੱਲ ਸ਼ੁਰੂ ਕਰ ਕੇ ਇਸ ਨੂੰ ਅਨੇਕਾਂ ਟਕਰਾਵਾਂ, ਤਣਾਵਾਂ ਵਿਚੋਂ ਗੁਜ਼ਾਰਦਾ ਹੈ, ਇਸ ਦੀਆਂ ਅਨੇਕਾਂ ਪਰਤਾਂ ਨੂੰ ਫਰੋਲਦਾ ਹੈ ਤੇ ਮਨੁੱਖੀ ਹੋਂਦ ਤੇ ਮਸਲਿਆਂ ਤੱਕ ਲੈ ਜਾਂਦਾ ਹੈ। ਇਹ ਆਮ ਮੰਨਿਆ ਜਾਂਦਾ ਹੈ ਕਿ ਪ੍ਰੇਮ ਪ੍ਰਕਾਸ਼ ਮਨੁੱਖੀ ਮਨ ਦੇ ਯਥਾਰਥ ਨੂੰ ਪ੍ਰਗਟਾਉਣ ਲਈ ਪੁਰਾਣੀਆਂ ਮਿੱਥਕ ਕਥਾਵਾਂ ਨੂੰ ਅੰਤਰ-ਪਾਠ ਵਜੋਂ ਵਰਤਦਾ ਜ਼ਿੰਦਗੀ ਦੀ ਵਿਡੰਬਨਾ ਦਰਸਾਉਣ ਦਾ ਯਤਨ ਕਰਦਾ ਹੈ। ਇੱਥੇ ਇਹ ਗੱਲ ਮੰਨਣਯੋਗ ਹੈ ਕਿ ਮਿਥਿਹਾਸਕ ਕਥਾਵਾਂ ਜਾਂ ਭਾਰਤੀ ਸਾਹਿਤ ਪਰੰਪਰਾ ਦਾ ਮੁਹਾਂਦਰਾ ਮਨੁੱਖੀ ਜੀਵਨ ਨੂੰ ਸੋਧ ਦੇਣ ਵੱਲ ਹੈ। ਮਿਥਿਹਾਸਕ ਪਰੰਪਰਾ ਵਿੱਚ ਕੇਵਲ ਪ੍ਰੇਮ ਪ੍ਰਕਾਸ਼ ਅਜਿਹੀਆਂ ਮਿੱਥਾਂ ਦੀ ਵਰਤੋਂ ਕਰਦਾ ਹੈ ਜੋ ਕੇਵਲ ਕਾਮ-ਕੇਂਦਰਿਤ ਹਨ। ਇੱਕ ਮੁਲਾਕਤ ਦੌਰਾਨ ਜਦ ਬਲਬੀਰ ਸਿੰਘ ਪੂਨੀ ਉਸ ਦੀਆਂ ਕਹਾਣੀਆਂ  ਵਿੱਚ ਸੈਕਸ ਦੀ ਭਰਮਾਰਤਾ ਸੰਬੰਧੀ ਟਿੱਪਣੀ ਕਰਦਾ ਹੈ ਤਾਂ ਪ੍ਰੇਮ ਪ੍ਰਕਾਸ਼ ਬੜੀ ਬੇਬਾਕੀ ਨਾਲ ਆਖਦਾ ਹੈ :

ਮੈਂ ਇਸ ਨੂੰ ਜ਼ਿੰਦਗੀ ਦਾ ਹਿੱਸਾ ਸਮਝਦਾ ਹਾਂ। ਮੈਂ ਜਿੱਥੇ ਆਪਣੀ ਗੱਲ ਕਹਿਣੀ ਜ਼ਰੂਰੀ ਸਮਝਦਾ ਹਾਂ, ਉੱਥੇ ਹੀ ਵਰਨਣ ਕਰਦਾ ਹਾਂ । ਜੇ 'ਡੈੱਡਲਾਈਨ' ਵਿੱਚ ਇਹ ਗੱਲ ਨਾ ਹੁੰਦੀ ਤਾਂ ਕਹਾਣੀ ਪੂਰੀ ਨਹੀਂ ਹੋਣੀ ਸੀ। ਸਾਡੇ ਸਮਾਜ ਵਿੱਚ ਸੈਕਸ ਬਾਰੇ ਕੁੱਝ ਬੰਧਨ ਹਨ ਜਿਹੜੇ ਕੁੱਝ ਟੁੱਟ ਰਹੇ ਹਨ। ਮੈਂ ਵੀ ਤੋੜ ਰਿਹਾ ਹਾਂ।

ਪ੍ਰੇਮ ਪ੍ਰਕਾਸ਼ ਨੇ ਕਹਾਣੀਆਂ ਵਿੱਚ ਮੱਧਵਰਗੀ ਸ਼ਹਿਰੀ ਸਭਿਆਚਾਰ ਵਿੱਚ ਇਕੱਲਤਾ, ਪਦਾਰਥਵਾਦ ਤੇ ਨਿਰਮੋਹੇ ਰਿਸ਼ਤਿਆਂ ਦਾ ਦੁਖਾਂਤ ਹੰਢਾਉਂਦੇ ਔਰਤ-ਮਰਦ ਮਨ ਦਾ ਯਥਾਰਥ ਬਿੰਬ ਪੇਸ਼ ਕੀਤਾ ਹੈ। ਸਾਧਾਰਨ ਤੌਰ 'ਤੇ ਇਹਨਾਂ ਕਹਾਣੀਆਂ ਦੇ ਪਾਤਰ ਮਹਾਂਨਗਰੀ ਵਿੱਚ ਵੱਸਦੇ ਅਜਿਹੇ ਵਿਅਕਤੀ ਹਨ ਜੋ ਵਾਸ਼ਨਾ ਅਧੀਨ ਵਿਚਰਦੇ ਮਨੋਰੋਗੀ ਹੋ ਨਿੱਬੜਦੇ ਹਨ। ਉਹ ਸਮਾਜ ਬਾਹਰੇ ਰਿਸ਼ਤੇ ਨਿਭਾਉਂਦੇ ਬੇਸ਼ੱਕ ਸਮਾਜ ਵਿੱਚ ਨਸ਼ਰ ਨਹੀਂ ਹੁੰਦੇ ਪਰ ਆਤਮਕ ਤੌਰ 'ਤੇ ਕਮਜੋਰ ਮਹਿਸੂਸ ਕਰਦੇ ਹਨ। ਕਹਾਣੀਆਂ ਵਿੱਚ ਪਾਤਰਾਂ ਦਾ ਮਨੋਸੰਕਟ ਹੀ ਉਹਨਾਂ ਦੇ ਦੁਖਾਂਤ ਦਾ ਕਾਰਣ ਬਣਦਾ ਹੈ। ਇਹ ਮਨੋਸੰਕਟ ਸਮਾਜਿਕ ਗ਼ੈਰ-ਸਮਾਜਿਕ ਤੇ ਸਾਂਸਕ੍ਰਿਤਿਕ ਤਨਾਓ ਵਿੱਚੋਂ ਜਨਮ ਲੈਂਦਾ ਹੈ।

ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਗ਼ੈਰ-ਸਮਾਜਿਕ ਸੰਬੰਧਾਂ ਦੇ ਨਾਲ-ਨਾਲ ਸਾਡੇ ਸਮਾਜ ਵਿੱਚ ਪ੍ਰੇਮ ਵਿਆਹ ਵਿੱਚ ਅਸਫਲਤਾ ਦੇ ਕਾਰਣਾਂ ਵੱਲ ਵੀ ਸੰਕੇਤ ਕੀਤਾ ਹੈ। ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਕੁੱਝ ਕੁ ਕਹਾਣੀਆਂ ਵਿੱਚ ਪ੍ਰੇਮ ਵਿਆਹ ਦੀ ਸਕਾਰਾਤਮਕ ਤੇ ਨਕਾਰਾਤਮਕ ਦ੍ਰਿਸ਼ਟੀ ਨੂੰ ਪੇਸ਼ ਕੀਤਾ ਹੈ। 'ਕੋਠੀ ਵਾਲੀ' ਕਹਾਣੀ ਦੀ ਪਾਤਰ ਬੇਦੋ ਨੂੰ 'ਕੋਠੀ ਵਾਲੀ' ਹੀ ਕਿਹਾ ਜਾਂਦਾ ਹੈ। ਕਹਾਣੀ ਵਿੱਚ ਮੈਂ ਪਾਤਰ ਕੋਠੀ ਵਾਲੀ ਬੇਦੋ ਨੂੰ ਭੂਆ ਆਖਦਾ ਹੈ ਪਰ ਉਸ ਦੇ ਪਤੀ ਨੂੰ ਫੁੱਫੜ ਨਹੀਂ ਮੰਨੇਗਾ ਜੋ ਰਹੱਸਾਤਮਕ ਹੈ। ਕਹਾਣੀ ਵਿੱਚ ਮੈਂ ਪਾਤਰ ਭੂਆ ਦੀ ਮੌਤ ਬਾਅਦ ਅਤੀਤਮੁਖੀ ਹੋਇਆ ਦੱਸਦਾ ਹੈ ਕਿ ਬੇਦੋ ਖੱਤਰੀਂ ਦੀ ਲੜਕੀ ਹੋਣ 'ਤੇ ਵੀ ਬਰਾੜ ਜੱਟ ਨਾਲ ਵਿਆਹ ਕਰਵਾਉਂਦੀ ਹੈ। ਬਰਾੜ ਉਸ ਦੇ ਸ਼ਰਾਬੀ ਬਾਪ ਨਾਲ ਉਹਨਾਂ ਦੇ ਘਰ ਆਉਂਦਾ ਸੀ, ਜਿਸ ਕਾਰਣ ਕਹਾਣੀ ਵਿੱਚ ਪੁਰੀਆਂ ਦੇ ਖੱਤਰੀ ਪਰਿਵਾਰ ਉਸ ਨਾਲ ਵਰਤਣਾ ਛੱਡ ਦਿੰਦੇ ਹਨ। ਸਮਾਜ ਦੀ ਸਤਾਈ ਬੇਦੋ ਅਕਸਰ ਸ਼ਰਾਬ ਪੀ ਕੇ ਪੁਰੀਆਂ ਨੂੰ ਗਾਲ੍ਹੀ-ਗਲੋਚ ਕਰਦੀ ਹੈ।

'ਬੰਗਲਾ' ਕਹਾਣੀ ਵਿੱਚ ਬਿਸ਼ਨ ਪਿੰਡ ਪਿੰਡ ਦਾ ਜੰਮਪਲ ਹੈ। ਗ਼ਰੀਬੀ ਹੰਢਾਉਂਦਾ ਬਿਸ਼ਨ ਸਿੰਘ ਐਸ.ਡੀ.ਐਮ ਦੀ ਕੁਰਸੀ ਪ੍ਰਾਪਤ ਕਰਦਾ ਹੈ ਤੇ ਸੋਨੀਆ ਗਿੱਲ ਨਾਲ ਵਿਆਹ ਕਰਵਾਉਂਦਾ ਹੈ। ਸੋਨੀਆਂ ਦਾ ਪਿਛੋਕੜ ਪਾਕਿਸਤਾਨੀ ਸੀ ਪਰ ਉਸ ਦੇ ਬਾਪ ਨੇ ਆਪਣੀ ਜਾਤ ਬਦਲ ਲਈ। ਕਹਾਣੀ ਵਿੱਚ ਸੋਨੀਆਂ ਦਾ ਪਿਤਾ ਇੰਡਸਟਰੀਅਲ ਅਫ਼ਸਰ ਹੋਣ ਕਰਕੇ ਸੋਨੀਆ ਦਾ ਜੀਵਨ ਢੰਗ ਸ਼ਹਿਰੀ ਸੀ ਤੇ ਬਿਸ਼ਨ ਸਿੰਘ ਦਾ ਪੇਂਡੂ। ਇੱਥੇ ਬਿਸ਼ਨ ਸਿੰਘ ਸੋਨੀਆ ਨਾਲ ਰਹਿਣ ਦੀ ਸਹਿਮਤੀ ਰੱਖਦਾ ਹੈ। ਘਰ ਵਿੱਚ ਜਦ ਪਿੰਡ ਤੋਂ ਕੋਈ ਮਹਿਮਾਨ ਆਉਂਦਾ ਤਾਂ ਸੋਨੀਆ ਦਾ ਬਿਸ਼ਨ ਸਿੰਘ ਦੇ ਰਿਸ਼ਤੇਦਾਰਾਂ ਪ੍ਰਤੀ ਕੁਰੱਖਤ ਰਵੱਈਆ ਘਰ ਵਿੱਚ ਤਨਾਉ ਦਾ ਕਾਰਣ ਬਣਦਾ ਹੈ। ਦੋਹਾਂ ਪਾਤਰਾਂ ਵਿੱਚ ਸਭਿਆਚਾਰਕ ਵਿੱਥ ਕਹਾਣੀ ਵਿੱਚ ਦੁਖਾਂਤ ਸਿਰਜਦੀ ਹੈ। ਪਰ ਬਿਸ਼ਨ ਸਿੰਘ ਹਾਲਾਤਾਂ ਨਾਲ ਸਮਝੌਤਾ ਕਰ ਕੇ ਸੋਨੀਆ ਨੂੰ ਵੀ ਖ਼ੁਸ਼ ਰੱਖਣ ਦਾ ਯਤਨ ਕਰਦਾ ਹੈ।

'ਗੋਈ' ਕਹਾਣੀ ਦਾ ਪਾਤਰ ਕੈਪਟਨ ਭੁੱਲਰ ਬਲਵਿੰਦਰ ਨਾਲ ਅੰਤਰਜਾਤੀ ਵਿਆਹ ਕਰਵਾਉਂਦਾ ਹੈ। ਇੱਤੇ ਭੁੱਲਰ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੋਣ ਕਰਕੇ ਉਸ ਦਾ ਸਹੁਰੇ ਘਰ ਵਿੱਚ ਇੱਜ਼ਤ-ਮਾਣ ਘੱਟ ਹੁੰਦਾ ਹੈ। ਕਹਾਣੀ ਵਿੱਚ ਭੁੱਲਰ ਦੇ ਬੇਟੇ ਦੇ ਜਨਮ ਦਿਨ ਵਾਲੇ ਦਿਨ ਹੀ ਉਸ ਦੀ ਮਾਂ ਦੀ ਬਰਸੀ ਹੈ। ਸਾਰੇ ਘਰ ਵਿੱਚ ਬੇਟੇ ਦੇ ਜਨਮ ਦੀ ਖ਼ੁਸ਼ੀ ਮਨਾਈ ਜਾ ਰਹੀ ਹੈ ਪਰ ਮਾਂ ਦੀ ਬਰਸੀ ਕਿਸੇ ਨੂੰ ਯਾਦ ਨਹੀਂ, ਕੇਵਲ ਭੁੱਲਰ ਤੇ ਉਸ ਦੇ ਪਿਤਾ ਦੇ ਮਨ ਵਿੱਚ ਦੁੱਖ ਦੀ ਭਾਵਨਾ ਹੈ ਪਰ ਉਹ ਵੀ ਇਸ ਭਾਵਨਾ ਨੂੰ ਜ਼ਾਹਰ ਨਹੀਂ ਕਰਦੇ। ਬਲਵਿੰਦਰ ਦਾ ਸਹੁਰੇ ਪ੍ਰਤੀ ਵਿਹਾਰ ਚੰਗਾ ਨਾ ਹੋਣ ਕਰਕੇ ਭੁੱਲਰ ਆਪਣੇ ਪਿਤਾ ਪ੍ਰਤੀ ਚਿੰਤਤ ਰਹਿੰਦਾ ਹੈ। ਕਹਾਣੀ ਵਿੱਚ ਇਸ ਦਿਨ ਭੁੱਲਰ ਖਾਣ ਲਈ ਮੰਗੀ ਗਈ ਗੋਈ ਜਿੱਥੇ ਉਸ ਦੀ ਪਤਨੀ ਲਈ ਕੇਵਲ ਮਜ਼ਾਕ ਮਾਤਰ ਹੈ, ਉੱਥੇ ਭੁੱਲਰ ਬਾਪੂ ਲਈ ਆਪ ਗੋਈ ਬਣਾ ਕੇ ਪੁੱਤਰ ਹੋਣ ਦੇ ਫ਼ਰਜ ਨੂੰ ਨਿਭਾਉਂਦਾ ਹੈ।

'ਘਰ' ਕਹਾਣੀ ਦੀ ਪਾਤਰ ਰੀਟਾ ਜੋ ਹਿੰਦੂ ਪਰਿਵਾਰ ਵਿੱਚ ਜੰਮੀ ਪਲੀ ਹੈ, ਸੁਹੇਲ ਸਿੰਘ ਭੁੱਲਰ ਨਾਲ ਅੰਤਰਜਾਤੀ ਵਿਆਹ ਕਰਵਾਉਂਦੀ ਹੈ। ਜੱਟ ਪਰਿਵਾਰ ਵਿੱਚ ਮਰਦਾਂ ਦਾ ਸ਼ਰਾਬ ਪੀਣਾ, ਸੱਸ ਦਾ ਕਠੋਰ ਰਵੱਈਆ, ਭੁੱਲਰ ਦਾ ਆਪਣੇ ਪਰਿਵਾਰ ਤੇ ਸ਼ਰੀਕੇ ਨੂੰ ਅਹਿਮੀਅਤ ਦੇਣਾ, ਸ਼ਹਿਰ ਵਿੱਚ ਆਉਣ ਅਤੇ ਸਿੰਮੀ ਦੇ

punjabiforias.com

ਜਨਮ 'ਤੇ ਨੌਕਰੀ ਛੱਡਣਾ ਆਦਿ ਘਟਨਾਵਾਂ ਉਸ ਨੂੰ ਆਪਣੇ ਇਸਤਰੀਤਵ ਦੀ ਹਾਰ ਪ੍ਰਤੀਤ ਹੁੰਦੀਆਂ। ਲੇਖਕ ਨੇ ਅੰਤਰਜਾਤੀ ਵਿਆਹ ਵਿੱਚ ਔਰਤ ਦੀ ਦੋਹਰੀ ਮਾਨਸਿਕਤਾ ਨੂੰ ਖ਼ਤੋ-ਕਿਤਾਬਤ ਵਿਧੀ ਰਾਹੀਂ ਪੇਸ਼ ਕੀਤਾ ਹੈ।

"ਪ੍ਰੇਮ ਪ੍ਰਕਾਸ਼ ਇੱਕ ਮਨੋਵਿਗਿਆਨਕ ਅਤੇ ਆਧੁਨਿਕ ਲੇਖਕ ਹੋਣ ਦੇ ਨਾਤੇ ਮਨੁੱਖੀ ਮਾਨਸਿਕਤਾ ਅਤੇ ਮਾਨਵੀ ਰਿਸ਼ਤਿਆਂ ਵਿੱਚ ਪੈਦਾ ਹੋਈ ਥਿੜਕਣ ਨੂੰ ਪਛਾਣਨ ਵਾਲਾ ਸਿਰਜਕ ਮੰਨਿਆ ਗਿਆ ਹੈ। ਉਹ ਮਨੁੱਖੀ ਅਵਚੇਤਨ ਦੇ ਆਂਤਰਿਕ ਬਿੰਬ ਨੂੰ ਉਸਾਰਨ ਵਿੱਚ ਮਾਹਿਰ ਹੈ। ਇਸ ਦੀਆਂ ਕਹਾਣੀਆਂ ਮਨੁੱਖੀ ਮਨ ਦੀ ਅੰਦਰਲੀ ਤਹਿ ਵਿੱਚ ਪੈਦਾ ਹੋਈਆਂ ਮਾਨਸਿਕ ਗੁੰਝਲਾਂ ਤੇ ਉਮੰਗਾਂ, ਜਿਨ੍ਹਾਂ ਦਾ ਸ਼ਿਕਾਰ ਮਨੁੱਖ ਹੋਇਆ ਹੀ ਰਹਿੰਦਾ ਹੈ, ਨੂੰ ਖੋਲ੍ਹਣ ਦੇ ਪ੍ਰਯਾਸ ਕਰਦੀਆਂ ਹਨ। ਹਰ ਸੰਵੇਦਨਸ਼ੀਲ ਮਨੁੱਖ ਆਪਣੇ ਅੰਦਰ ਦੀਆਂ ਖਾਈਆਂ ਨੂੰ ਕੁਰੇਦਦਾ ਚਾਹੁੰਦਾ ਹੈ, ਔਰਤ ਦੀਆਂ ਆਵਾਜਾਂ ਨੂੰ ਸੁਣਨਾ ਚਾਹੁੰਦਾ ਹੈ ਅਤੇ ਜ਼ਿੰਦਗੀ ਦਾ ਰਹੱਸ, ਮੁਹੱਬਤ ਦਾ ਭੇਦ, ਮਨੁੱਖੀ ਰਿਸ਼ਤਿਆਂ ਦੇ ਫ਼ਾਰਮੂਲੇ ਆਦਿ ਨੂੰ ਸਮਝਣ ਲਈ ਚੇਤੰਨ ਰਹਿੰਦਾ ਹੈ। ਪ੍ਰੇਮ ਪ੍ਰਕਾਸ ਆਪਣੀਆਂ ਕਹਾਣੀਆਂ ਰਾਹੀਂ ਜਿੱਥੇ ਆਪਣੇ ਅਨੁਭਵ ਵਿੱਚ ਉਲਝੇ ਹੋਏ ਸੁਆਲਾਂ ਦੇ ਉੱਤਰ ਲੱਭਦਾ ਹੈ, ਉੱਥੇ ਉਹ ਪਾਠਕ ਸਮੇਤ ਆਪ ਵੀ ਮਨੁੱਖੀ ਮਨ ਦੀਆਂ ਹਨੇਰੀਆਂ ਤਹਿਆਂ ਵਿੱਚ ਦਾਖ਼ਲ ਹੁੰਦਾ ਹੈ। ਡਾ. ਕਿਰਨਦੀਪ ਸਿੰਘ ਕਿਰਨ

ਪ੍ਰੇਮ ਪ੍ਰਕਾਸ਼ ਦੀ ਰਚਨਾ-ਦ੍ਰਿਸ਼ਟੀ ਦੀ ਖਾਸੀਅਤ ਇਹ ਹੈ ਕਿ ਉਹ ਰੂੜ੍ਹੀਵਾਦੀ ਸੋਚ ਤੋਂ ਪਰੇ ਮਨੁੱਖੀ ਮਨ ਦੀ ਗੱਲ ਕਰ ਜਾਂਦਾ ਹੈ। ਉਸ ਦੀਆਂ ਕਹਾਣੀਆਂ ਵਿਚਲੀ ਮੂਲ ਦ੍ਰਿਸ਼ਟੀ ਧਰਮ, ਸਮਾਜ, ਰਾਜਨੀਤੀ 'ਤੇ ਕੱਸਵੇਂ ਵਿਅੰਗ ਕਰਦੀ ਮਨੁੱਖੀ ਮਨ ਦੀ ਆਜ਼ਾਦੀ ਭਾਲਦੀ ਹੈ। ਬੇਸ਼ੱਕ ਪ੍ਰੇਮ ਪ੍ਰਕਾਸ਼ ਸਮਾਜਿਕ ਮਰਿਆਦਾ ਤੋਂ ਬਾਗੀ ਹੋਣਾ ਲੋਚਦਾ ਹੈ ਪਰ ਇੱਥੇ ਇੱਕ ਗੱਲ ਸਪੱਸ਼ਟ ਹੈ ਕਿ ਉਸ ਦੀਆਂ ਕਹਾਣੀਆਂ ਦੇ ਪਾਤਰ ਆਪਣੇ ਦੁਆਰਾ ਕੀਤੇ ਜਾਂਦੇ ਗ਼ੈਰ-ਸਮਾਜਿਕ ਕਾਰਜ ਨੂੰ ਕੇਵਲ ਮਨ ਵਿੱਚ ਹੀ ਚਿਤਵਦੇ ਰਹਿੰਦੇ ਹਨ। ਪ੍ਰੇਮ ਪ੍ਰਕਾਸ਼ ਨੇ ਕੁੱਝ ਕੁ ਕਹਾਣੀਆਂ ਸਮਾਜ ਵਿਚਲੇ ਭ੍ਰਿਸ਼ਟਾਚਾਰ, ਗਰੀਬੀ, ਅਨਪੜ੍ਹਤਾ, ਜਾਤ-ਪਾਤ ਦੀ ਸਮੱਸਿਆ, ਬੇਰੁਜ਼ਗਾਰੀ, ਨਿਮਨ ਵਰਗ ਅੰਦਰ ਵੱਸਦੀ ਹੀਣ ਭਾਵਨਾ ਆਦਿ ਵਿਸ਼ਿਆਂ 'ਤੇ ਵੀ ਲਿਖੀਆਂ ਹਨ। ਇਹ ਕਹਾਣੀਆਂ ਲੇਖਕ ਦੀ ਰਚਨਾਤਮਕਤਾ ਦਾ ਮੁੱਢਲਾ ਸਮਾਂ ਸੀ ਜਦੋਂ ਉਹ ਹਰ ਵਰਗ ਦੇ ਲੋਕਾਂ ਨਾਲ ਵਿਚਰਦਾ ਹੋਇਆ ਉਹਨਾਂ ਸੰਬੰਧੀ ਸੋਚਦਾ ਵਿਚਾਰਦਾ ਸੀ।

'ਕੱਚਕੜੇ' ਕਹਾਣੀ ਦਾ ਨਾਇਕ ਰੋਸ਼ਨ ਲਾਲ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਸੱਤਰ ਰੁਪਏ ਦਿਹਾੜੀ ਕਮਾਉਣ ਵਾਲਾ ਰੌਸ਼ਨ ਲਾਲ ਹਮੇਸ਼ਾ ਆਰਥਿਕ ਥੁੜ੍ਹ ਹੰਢਾਉਂਦਾ ਹੈ। ਸਾਰਾ ਦਿਨ ਤਾਂ ਮਜ਼ਦੂਰੀ ਵਿੱਚ ਲੰਘ ਜਾਂਦਾ ਹੈ ਪਰ ਰਾਤ ਸਮੇਂ ਉਹ ਆਪਣੀ ਗ਼ਰੀਬੀ 'ਤੇ ਝੂਰਦਾ ਹੈ। ਉਸ ਦਾ ਮਨ ਮਾਤਾ-ਪਿਤਾ ਦੇ ਮੋਹ ਲਈ ਤੜਪਦਾ ਹੈ। ਉਹ ਕਦੇ ਅਤੀਤ 'ਚ ਹੰਢਾਏ ਦੁੱਖਾਂ ਨੂੰ ਚਿਤਵਦਾ ਹੈ ਤੇ ਕਦੇ ਵਰਤਮਾਨ ਦੀ ਗ਼ਰੀਬੀ ਦਾ ਸੰਤਾਪ ਭੋਗਦਾ ਹੈ। ਉਸ ਨੂੰ ਗਲੀ ਦੇ ਕੁੱਤਿਆਂ ਦਾ ਰੁਦਨ ਤੇ ਵਾਇਲਨ ਦੀ ਉਦਾਸੀ ਚੰਗੀ ਲੱਗਦੀ ਹੈ। ਕਹਾਣੀ ਦੇ ਅਖ਼ੀਰ ਵਿੱਚ ਰੋਸ਼ਨ ਗ਼ਰੀਬੀ ਤੋਂ ਤੰਗ ਆ ਕੇ ਮੌਤ ਦੀ ਕਲਪਨਾ ਕਰਦਾ ਹੈ। ਉਹ ਸੋਚਦਾ ਹੈ ਕਿ ਮੌਤ ਤੋਂ ਬਾਅਦ ਦੁਨੀਆਂ ਉਸ ਦੀ ਮੌਤ ਨੂੰ ਭਾਣਾ ਮੰਨ ਕੇ ਕਾਇਰਤਾ ਨੂੰ ਨੇਕੀ ਦੱਸੇਗੀ। ਇਸ ਤਰ੍ਹਾਂ ਸਮੁੱਚੀ ਕਹਾਣੀ ਵਿੱਚ ਰੋਸ਼ਨ ਆਪਣੀ ਸਥਿਤੀ 'ਤੇ ਵਿਅੰਗ ਕਰਦਾ ਹੈ। ਉਹ ਸਮਾਜ ਵਿੱਚ ਅਧਮੋਈ ਜ਼ਿੰਦਗੀ ਜਿਉਂਦਾ ਹੈ ਤੇ ਮਰਨ ਬਾਅਦ ਵੀ ਉਸ ਦੀ ਹੋਂਦ ਦੀ ਆਸ ਨਹੀਂ ਹੈ।

'ਚਿੜੀ ਕਾਟੋ ਕੀ ਬਾਤ' ਕਹਾਣੀ ਵਿੱਚ ਖ਼ਤੋ-ਖ਼ਿਤਾਬਤ ਵਿਧੀ ਰਾਹੀਂ ਮੈਂ ਪਾਤਰ ਬੀਮਾਰੀ ਦੇ ਔਖੇ ਪਲਾਂ ਸੰਬੰਧੀ ਮੰਗੇਤਰ ਕੁਸਮ ਨੂੰ ਲਿਖਦਾ ਹੈ। ਬੀਮਾਰ ਅਵਸਥਾ ਵਿੱਚ ਰਹਿੰਦਾ ਉਹ ਆਪਣੇ ਕਸਬੇ ਦੀਆਂ ਦਿਨ-ਰਾਤ ਹੁੰਦੀਆਂ ਗਤੀਵਿਧੀਆਂ ਦਾ ਮੁਲਾਂਕਣ ਵੀ ਕਰਦਾ ਹੈ। ਕਹਾਣੀ ਦੇ ਅੰਤਰ-ਪਾਠ ਵਿੱਚ ਚਿੜੀ ਕਾਟੋ ਦੀ ਬਾਤ ਸੁਣਾਉਂਦਾ ਹੈ ਜਿਸ ਵਿੱਚ ਚਿੜੀ ਮੈਂ ਪਾਤਰ ਦੇ ਕਮਰੇ ਵਿੱਚ ਆਲ੍ਹਣੇ ਬਣਾਉਣ ਲਈ ਕਪਾਹ ਦੀ ਫੁੱਟੀ ਲੈ ਕੇ ਆਉਂਦੀ ਹੈ ਪਰ ਕਾਟੋ ਉਸ ਕੋਲੋਂ ਉਹ ਕਪਾਹ ਦੀ ਫੁੱਟੀ ਖੋਹ ਲੈਂਦੀ ਹੈ। ਮੈਂ ਪਾਤਰ ਚਿੜੀ ਦਾ ਕਪਾਹ ਦੀ ਪ੍ਰਾਪਤੀ ਲਈ ਯਤਨ ਅਤੇ ਕਾਟੋ ਦੇ ਜ਼ੋਰਾਵਰ ਹੋਣ ਸੰਬੰਧੀ ਜ਼ਿਕਰ ਕਰ ਕੇ ਸਪੱਸ਼ਟ ਕਰਦਾ ਹੈ ਕਿ ਸਾਡੇ ਸਮਾਜ ਵਿੱਚ ਜ਼ੋਰਾਵਰ ਵਰਗ ਚਲਾਕੀ ਤੇ ਹੁਸ਼ਿਆਰੀ ਨਾਲ ਕਮਜ਼ੋਰ ਵਰਗ ਦਾ ਹੱਕ ਮਾਰਦਾ ਹੈ।

'ਮੁਰੱਬਿਆ ਵਾਲੀ' ਕਹਾਣੀ ਵਿੱਚ ਬਚਨੀ ਚਮਿਆਰਾਂ ਦੀ ਕੁੜੀ ਹੈ। ਪਿੰਡ ਵਿੱਚ ਆਏ ਨਵੇਂ ਸਕੂਲ ਮਾਸਟਰ ਪ੍ਰਤੀ ਪਿੰਡ ਦੀਆਂ ਸਾਰੀਆਂ ਕੁੜੀਆਂ ਆਕਰਸ਼ਿਤ ਰਹਿੰਦੀਆਂ ਹਨ। ਮਾਸਟਰ ਆਧੁਨਿਕ ਵਿਚਾਰਾਂ ਦਾ ਹੋਣ ਕਰਕੇ ਜਾਤ-ਪਾਤ ਵਿੱਚ ਬਹੁਤਾ ਵਿਸ਼ਵਾਸ ਨਹੀਂ ਰੱਖਦਾ। ਇਸੇ ਲਈ ਬਚਦਾ ਦਾ ਦਿਲ ਉਸ ਪ੍ਰਤੀ ਸਤਿਕਾਰ ਨਾਲ ਭਰ ਜਾਂਦਾ ਹੈ। ਕਹਾਣੀ ਦੇ ਬਿਰਤਾਂਤ ਵਿੱਚ ਬਚਨੀ ਲੰਬੜਾ ਦੀ ਕੁੰਦੋ ਨੂੰ ਸਾੜਨ ਲਈ ਮਾਸਟਰ ਨੂੰ ਸਾਗ ਤੇ ਮੱਕੀ ਦੀ ਰੋਟੀ ਖਵਾਉਣ ਦਾ ਝੂਠ ਬੋਲਦੀ ਖੁਦ ਨੂੰ ਮੁਰੱਬਿਆਂ ਦਾ ਵਾਲੀ ਕੁੰਦੋ ਤੋਂ ਉੱਚਾ ਮਹਿਸੂਸ ਕਰਦੀ ਹੈ।

'ਫ਼ੈਸਲਾ' ਕਹਾਣੀ ਵਿੱਚ ਤਿੰਨ ਮਜ਼ਦੂਰਾਂ ਨੂੰ ਲਹਿਰ ਦੇ ਕੰਢੇ 'ਤੇ ਲਾਸ਼ ਮਿਲਦੀ ਹੈ। ਉਹ ਉਸ ਔਰਤ ਦੀ ਲਾਸ਼ ਨੂੰ ਘਰ ਲੈ ਆਉਂਦੇ ਹਨ ਤੇ ਉਸ ਦੀ ਅਜਿਹੀ ਸਥਿਤੀ ਸੰਬੰਧੀ ਆਪਣੇ-ਆਪਣੇ ਅਨੁਮਾਨ ਲਗਾਉਂਦੇ ਹਨ। ਔਰਤ ਦੇ ਕੱਪੜਿਆਂ ਤੇ ਗਹਿਣਿਆਂ ਤੋਂ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਹ ਔਰਤ ਕਿਸੇ ਅਮੀਰ ਘਰ ਦੀ ਹੈ। ਤਿੰਨੇ ਇਨਸਾਨੀਅਤ ਨਾਤੇ ਔਰਤ ਦੀ ਜਾਨ ਬਚਾਉਣਾ ਚਾਹੁੰਦੇ ਹਨ।। ਤਿੰਨੇ ਮਜ਼ਦੂਰ ਔਰਤ ਦੇ ਸੁੱਜੇ ਮੂੰਹ ਅਤੇ ਮੂੰਹ ਦੁਆਲੇ ਲੱਗੀ ਝੱਗ ਤੋਂ ਸੋਚਦੇ ਹਨ ਕਿ ਕਿਸੇ ਨੇ ਇਸ ਨੂੰ ਕੁਝ ਜ਼ਹਿਰੀਲਾ ਪਦਾਰਥ ਖਵਾਇਆ ਹੋਵੇਗਾ। ਕਹਾਣੀ ਵਿੱਚ ਤਿੰਨ ਮਜ਼ਦੂਰ ਔਰਤ ਨੂੰ ਹਸਪਤਾਲ ਲੈ ਕੇ ਜਾਣਾ ਚਾਹੁੰਦੇ ਹਨ, ਪਰ ਸਰਕਾਰੀ ਕਾਰਵਾਈਆਂ ਤੋਂ ਪੁਲਸ ਤੋਂ ਡਰਦੇ ਹਨ। ਕਹਾਣੀਕਾਰ ਨੇ ਸਮਾਜ ਵਿੱਚ ਨਿਜ਼ਾਮੀ ਭ੍ਰਿਸ਼ਟਾਚਾਰ 'ਤੇ ਵਿਅੰਗ ਕਰਦਿਆਂ ਮਨੁੱਖ ਨੂੰ ਕਿਸੇ ਦੀ ਮਦਦ ਕਰਨ ਤੋਂ ਬੇਵੱਸ ਦਰਸਾਇਆ ਹੈ। ਇਸ ਤਰ੍ਹਾਂ ਤਿੰਨੇ ਮਜ਼ਦੂਰ ਉਸ ਔਰਤ ਨੂੰ ਵਾਪਿਸ ਨਹਿਰ ਕੰਢੇ ਰੱਖ ਆਉਣ ਦਾ ਫ਼ੈਸਲਾ ਕਰਦ ਹਨ ਅਤੇ ਸਾਰੀ ਰਾਤ ਨਹੀਂ ਸੌ ਪਾਉਂਦੇ । ਮਨੁੱਖ ਅੰਦਰ ਇਨਸਾਨੀਅਤ ਅਜੇ ਮਰੀ ਨਹੀਂ ਪਰ ਸਾਡੇ ਪ੍ਰਬੰਧ ਸਾਹਮਣੇ ਸਾਡੀ ਮਜ਼ਬੂਰੀ ਸਾਨੂੰ ਬੇਵੱਸ ਕਰ ਦਿੰਦੀ ਹੈ। ਲੇਖਕ ਨੇ ਇਨਸਾਨ ਦੀ ਇਨਸਾਨੀਅਤ ਨੂੰ ਪ੍ਰਗਟਾਉਂਦੇ ਹੋਏ ਨਿਜ਼ਾਮ ਦੀਆਂ ਕਮੀਆਂ ਉੱਪਰ ਵਿਅੰਗ ਸਿਰਜਿਆ ਹੈ।

'ਮੁਰਦਾ' ਕਹਾਣੀ ਵਿੱਚ ਮਾਸਟਰ ਬਨਾਰਸੀ ਦਾਸ ਰਿਟਾਇਰਡ ਹੋਣ ਬਾਅਦ ਬਹੁਤਾ ਸਮਾਂ ਘਰ ਵਿੱਚ ਗੁਜ਼ਾਰਦਾ ਹੈ। ਜੈਨੀਆਂ ਦੇ ਚੌਕ ਵਿੱਚ ਪਏ ਇੱਕ ਮੁਰਦੇ ਬਾਰੇ ਲੋਕ ਗੱਲਾਂ ਕਰਦੇ ਤੁਰੇ ਜਾਂਦੇ ਹਨ ਪਰ ਕੋਈ ਵੀ ਉਸ ਸੰਬੰਧੀ ਨਹੀਂ ਸੋਚਦਾ। ਜਦ ਮਾਸਟਰ ਨੇੜੇ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਉਹ ਮੁਰਦਾ ਨਹੀਂ

punjabiforms.com

ਸਗੋਂ ਜਿਉਂਦਾ ਮਨੁੱਖ ਹੈ। ਮਾਸਟਰ ਦੇਖਦਾ ਹੈ ਕਿ ਕੋਈ ਵੀ ਉਸ ਮਨੁੱਖ ਦੀ ਸਹਾਇਤਾ ਲਈ ਕੋਸ਼ਿਸ਼ ਨਹੀਂ ਕਰਦਾ। ਲੋਕਾਂ ਵਿੱਚ ਤੇਰਾਂ-ਚੌਦਾਂ ਵਰ੍ਹਿਆਂ ਦਾ ਇੱਕ ਲੜਕਾ ਸਕੂਟਰ ਖਲਾਰ ਕੇ ਮਰ ਰਹੇ ਬੰਦੇ ਵੱਲ ਵੇਖਦਾ ਤੇ ਉਦਾਸ ਹੁੰਦਾ ਹੈ। ਪਰ ਉਸ ਦੀ ਉਦਾਸੀ ਦਾ ਕਾਰਣ ਉਸ ਮਰਨ ਕੰਢੇ ਪਏ ਮਨੁੱਖ ਦੇ ਲਾਗੇ ਇੱਕ ਔਰਤ ਦੀਆਂ ਅੱਖਾਂ ਵਿੱਚ ਛਲਕਦੇ ਹੰਝੂ ਹਨ। ਇੱਕ ਨੌਜਵਾਨ ਨਿਰਮੋਹੇ ਲਫ਼ਜ਼ਾਂ ਵਿੱਚ ਦੇਸ਼ ਦੀ ਸਰਕਾਰ 'ਤੇ ਵਿਅੰਗ ਕਰਦਾ ਹੈ ਜੋ ਲਾਵਾਰਿਸ ਬੰਦਿਆਂ ਨੂੰ ਸਾਂਭਣ ਪ੍ਰਤੀ ਕੋਈ ਹੀਲਾ ਨਹੀਂ ਕਰਦੀ।

ਲੇਖਕ ਨੇ ਮਾਸਟਰ ਪਾਤਰ ਰਾਹੀਂ ਅਸਲ ਵਿੱਚ ਅਜੋਕੇ ਮਨੁੱਖ ਦੀ ਪਦਾਰਥਵਾਦੀ ਸੋਚ 'ਤੇ ਵਿਅੰਗ ਕਰਦਿਆਂ ਇਨਸਾਨੀਅਤ ਦਾ ਪੱਖ ਪੂਰਿਆ ਹੈ।

'ਮਾੜਾ ਬੰਦਾ' ਕਹਾਣੀ ਵਿੱਚ ਮਾੜਾ ਬੰਦਾ ਰਿਕਸ਼ਾ ਚਾਲਕ ਹੈ। ਉਹ ਮੁੱਖ ਪਾਤਰ ਦੀ ਪਤਨੀ ਨੂੰ ਘਰ ਛੱਡਣ ਆਉਂਦਾ ਤਿੰਨ ਰੁਪਏ ਲੈਂਦਾ ਹੈ। ਜਦ ਪਤਨੀ ਉਸ ਨੂੰ ਕੇਵਲ ਦੋ ਰੁਪਏ ਦਿੰਦੀ ਹੈ ਤਾਂ ਰਿਕਸ਼ੇ ਵਾਲਾ ਰੋਹ ਵਿੱਚ ਦੋ ਰੁਪਏ ਲੈਣ ਤੋਂ ਇਨਕਾਰੀ ਹੋ ਜਾਂਦਾ ਹੈ। ਰਿਕਸ਼ੇ ਵਾਲੇ ਦਾ ਘਰ ਦੇ ਦਰਵਾਜ਼ੇ ਅੱਗੇ ਖਲੋਣਾ ਪਤੀ-ਪਤਨੀ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਜਦੋਂ ਰਿਕਸ਼ਾ ਚਾਲਕ ਚਲਾ ਜਾਂਦਾ ਹੈ ਤਾਂ ਦੋਵੇ ਪਤੀ ਪਤਨੀ ਬਾਹਰ ਪਾਰਕ ਵਿੱਚ ਬੈਠ ਕੇ ਤਿੰਨ ਰੁਪਏ ਸੰਬੰਧੀ ਵਿਚਾਰਦੇ ਹਨ। ਦੋਵੇ ਮਨ ਹੀ ਮਨ ਆਪਣੇ ਰਵੱਈਏ ਤੋਂ ਸ਼ਰਮਿੰਦਾ ਹੁੰਦੇ ਹਨ। ਪਤਨੀ ਤਿੰਨ ਰੁਪਏ ਪਿੰਗਲਵਾੜੇ ਦੇ ਕੇ ਆਪਣੇ ਮਨ ਵਿੱਚ ਆ ਰਹੀ ਪਾਪ ਦੀ ਭਾਵਨਾ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਉਹ ਪਾਪ ਦੀ ਭਾਵਨਾ ਤੋਂ ਮੁਕਤੀ ਲਈ ਦਾਨ-ਪੁੰਨ ਦੀ ਰੁਚੀ ਵਿੱਚ ਵਿਸ਼ਵਾਸ ਕਰਦੇ ਹਨ। ਇਸ ਤਰ੍ਹਾਂ ਲੇਖਕ ਨੇ ਇਸ ਕਹਾਣੀ ਵਿੱਚ ਮੱਧਵਰਗੀ ਲੋਕਾਂ ਦੇ ਨਿਮਨ ਵਰਗ ਉੱਪਰ ਸ਼ੋਸ਼ਣ ਤੇ ਰਿਕਸੇ ਵਾਲੇ ਰਾਹੀਂ ਨਿਮਨ ਵਰਗ ਦਾ ਆਪਣੇ ਹੱਕ ਪ੍ਰਤੀ ਸੁਚੇਤ ਹੋਣ ਦਾ ਸੰਕਲਪ ਸਿਰਜਿਆ ਹੈ। ਇਸ ਪ੍ਰਕਾਰ ਲੇਖਕ ਮਾਨਵੀ ਹੱਕਾਂ ਪ੍ਰਤੀ ਸੁਚੇਤ ਕਰਦਾ ਪ੍ਰਤੀਤ ਹੁੰਦਾ ਹੈ। ਹਰ ਲੇਖਕ ਸਮਕਾਲੀ ਸਮਾਜ ਦੇ ਨਾਲ-ਨਾਲ ਉਸ ਸਮੇਂ ਵਿੱਚ ਪ੍ਰਚੱਲਿਤ ਰਾਜਸੀ ਗਤੀਵਿਧੀਆਂ ਨੂੰ ਵੀ ਜ਼ਿਹਨ ਵਿੱਚ ਨਿਰਖਦਾ-ਪਰਖਦਾ ਹੈ। ਲੇਖਕ ਦੀ ਰਚਨਾ ਵਿੱਚ ਉਸ ਦੇ ਸਮਕਾਲੀ ਸਮਾਜ, ਰਾਜਨੀਤੀ ਤੇ ਲੋਕ ਸੰਸਕ੍ਰਿਤੀ ਦਾ ਸੰਜੀਵ ਵਰਤਾਰਾ ਮਿਲਦਾ ਹੈ। ਪ੍ਰੇਮ ਪ੍ਰਕਾਸ਼ ਸੰਬੰਧੀ ਇਹ ਰਾਇ ਮੰਨੀ ਜਾਂਦੀ ਹੈ ਕਿ ਉਹ ਕਿਸੇ ਲਹਿਰ ਅਧੀਨ ਰਚਨਾ ਨਹੀਂ ਕਰਦਾ। ਸਮੇਂ ਅਨੁਸਾਰ ਚੱਲਦੀਆਂ ਸਾਹਿਤਕ ਪ੍ਰਵਿਰਤੀਆਂ ਤੋਂ ਵੱਖਰੀ ਰਵਾਨਗੀ ਵਿੱਚ ਕਹਾਣੀ ਰਚਨਾ ਕਰਨਾ ਉਸ ਦੀ ਵਿਸ਼ੇਸ਼ ਰੁਚੀ ਹੈ। ਇਹੀ ਕਾਰਣ ਹੈ ਕਿ ਪ੍ਰੇਮ ਪ੍ਰਕਾਸ਼ ਦੀ ਰਚਨਾ-ਦ੍ਰਿਸ਼ਟੀ ਆਪ ਮੁਹਾਰੀ ਰੌਅ ਵਿੱਚ ਚੱਲਦੀ ਹੈ। ਪਰ ਇੱਥੇ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਬਾਕੀ ਲੇਖਕਾਂ ਵਾਂਗ ਪ੍ਰੇਮ ਪ੍ਰਕਾਸ਼ ਵੀ ਸਮਾਜ ਵਿੱਚ ਸਮਕਾਲੀ ਸਮੇਂ ਦੀਆਂ ਗਤੀਵਿਧੀਆਂ ਨੂੰ ਵਿਚਾਰਦਾ ਹੈ ਤੇ ਨਿਵੇਕਲੀ ਦ੍ਰਿਸ਼ਟੀ ਤੋਂ ਇਹ ਗਤੀਵਿਧੀਆਂ ਅਚੇਤ ਜਾਂ ਸੁਚੇਤ ਰੂਪ ਵਿੱਚ ਉਸ ਦੀ ਕਹਾਣੀ ਵਿੱਚ ਵਿਦਮਾਨ ਹਨ। ਪ੍ਰੇਮ ਪ੍ਰਕਾਸ਼ ਨੇ ਕਹਾਣੀਆਂ ਵਿੱਚ 1947 ਦੀ ਵੰਡ, ਨਕਸਲੀ ਲਹਿਰ ਤੇ ਪੰਜਾਬ ਸੰਕਟ ਨੂੰ ਹੰਢਾਉਂਦੀ ਮਾਨਵਤਾ ਦੀ ਮਾਨਸਿਕਤਾ ਨੂੰ ਪ੍ਰਗਟਾਇਆ ਹੈ। ਪ੍ਰੇਮ ਪ੍ਰਕਾਸ਼ ਆਪਣੀ ਸ੍ਵੈ-ਜੀਵਨੀ ਆਤਮ-ਮਾਯਾ ਵਿੱਚ ਸਪੱਸ਼ਟ ਕਰਦਾ ਹੈ ਕਿ 1947 ਦੀ ਵੰਡ ਉਸ ਨੇ ਆਪਣੀ ਅੱਖੀ ਵੇਖੀ। ਉਸ ਸਮੇਂ ਉਹ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ ਤੇ ਇਸ ਵੰਡ ਦਾ ਉਸ ਦੀ ਮਾਨਸਿਕਤਾ 'ਤੇ ਇੰਨਾ ਡੂੰਘਾ ਪ੍ਰਭਾਵ ਪਿਆ ਕਿ ਉਸ ਦਾ ਧਰਮ ਪ੍ਰਤੀ ਵਿਸ਼ਵਾਸ ਉੱਠ ਗਿਆ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ 1947 ਦੇ ਦੁਖਾਂਤ ਦਾ ਚਿਤਰਣ ਬਚਪਨ ਵਿੱਚ ਹੰਢਾਏ ਤਜਰਬੇ ਦਾ ਸਿੱਟਾ ਹੈ। ਪ੍ਰੇਮ ਪ੍ਰਕਾਸ ਦੇ ਸਮੇਂ ਨਕਸਲੀ ਲਹਿਰ ਤੇ ਪੰਜਾਬ ਸੰਕਟ ਦਾ ਜ਼ੋਰ ਸੀ। ਪ੍ਰੇਮ ਪ੍ਰਕਾਸ਼ ਦੀਆਂ ਕੁਝ ਕੁ ਕਹਾਣੀਆਂ ਵਿੱਚ ਇਸ ਪ੍ਰਵਿਰਤੀ ਦੇ ਅੰਸ਼ ਮਿਲਦੇ ਹਨ। ਨਕਸਲੀ ਲਹਿਰ ਬੰਗਾਲ ਦੀ ਧਰਤੀ 'ਤੇ ਕਿਸਾਨਾਂ ਦੇ ਵਿਦਰੋਹ ਦੇ ਰੂਪ ਵਿੱਚ ਵਿਕਸਿਤ ਹੋਈ। ਇਸ ਨੇ ਜਗੀਰਦਾਰੀ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਇਸ ਲਹਿਰ ਦਾ ਪ੍ਰਭਾਵ ਪੰਜਾਬ ਵਿੱਚ ਵੀ ਪਿਆ ਜਿਸ ਦੇ ਫਲਸਰੂਪ ਪੰਜਾਬ ਦੇ ਨੌਜਵਾਨ ਵਿਦਿਆਰਥੀ ਤੇ ਸਾਹਿਤਕਾਰ ਇਸ ਲਹਿਰ ਨਾਲ ਆ ਜੁੜੇ। ਪੜ੍ਹੇ-ਲਿਖੇ ਨੌਜਵਾਨਾਂ ਨੇ ਰੋਹ ਵਿੱਚ ਆ ਕੇ ਸਮਾਜ ਵਿੱਚ ਵਧਦੀ ਗ਼ਰੀਬੀ ਤੇ ਬੇਰੁਜ਼ਗਾਰੀ ਦੇ ਹੱਲ ਲਈ ਰਾਜਨੀਤੀ ਦੇ ਖ਼ਿਲਾਫ ਹਥਿਆਰਬੰਦ ਹੋਣਾ ਸ਼ੁਰੂ ਕਰ ਦਿੱਤਾ। ਨਕਸਲਬਾੜੀ ਲਹਿਰ ਨੇ ਬਾਅਦ ਵਿੱਚ ਸਾਕਾ ਨੀਲਾ ਤਾਰਾ ਦੇ ਕਾਰਣਾ ਨੂੰ ਜਨਮ ਦਿੱਤਾ। ਪ੍ਰੇਮ ਪ੍ਰਕਾਸ਼ ਦੀਆਂ ਕੁਝ ਕੁ ਕਹਾਣੀਆਂ ਵਿੱਚ ਇਸ ਸਮੇਂ ਦਾ ਪ੍ਰਭਾਵ ਮਿਲਦਾ ਹੈ।

'ਕਾਈ' ਕਹਾਣੀ ਵਿੱਚ ਪੰਜਾਬ ਸੰਕਟ ਕਾਰਣ ਪਿੰਡਾ ਵਿੱਚ ਫੈਲੀ ਦਹਿਸ਼ਤ ਨੂੰ ਪ੍ਰਗਟਾਇਆ ਗਿਆ ਹੈ।

'ਟਾਕੀ' ਕਹਾਣੀ ਵਿੱਚ ਮੈਂ ਪਾਤਰ ਪੰਜਾਬ ਸੰਕਟ ਦੌਰਾਨ ਘਰੋਂ ਬੇਘਰ ਹੋਇਆ ਸਰਕਾਰ ਦੀ ਮਾਰ ਤੋਂ ਡਰਦਾ ਆਪਣੇ ਕਾਲਜ ਦੇ ਜਮਾਤੀ ਬਲਵੰਤ ਦੇ ਟਿਊਬਵੈੱਲ 'ਤੇ ਰੁਕਦਾ ਹੈ। ਰੋਟੀ ਦੀ ਉਡੀਕ ਕਰਦਾ ਮੈਂ ਪਾਤਰ ਖੇਤਾਂ ਦੀ ਪ੍ਰਕਿਰਤੀ ਨੂੰ ਮਾਣਦਾ ਹੈ ਤੇ ਫਿਰ ਧਰਮ ਪਤਨੀ ਦੀ ਫ਼ੋਟੋ ਨੂੰ ਵੇਖਦਾ ਹੋਇਆ ਚਿੱਠੀ ਵਿੱਚ ਲਿਖੀਆਂ ਉਸ ਦੀਆਂ ਗੱਲਾਂ ਨੂੰ ਬਾਰ-ਬਾਰ ਪੜ੍ਹਦਾ ਹੈ। ਇਹੋ ਜਿਹੇ ਨੌਜਵਾਨ ਆਪਣੇ ਪਰਿਵਾਰ ਦੀ ਦੂਰੀ ਦਾ ਸੰਤਾਪ ਹੰਢਾਉਂਦੇ ਹਨ।

'ਸਤਵੰਤੀ' ਕਹਾਣੀ ਵਿੱਚ ਲੇਖਕ ਨੇ ਅੱਤਵਾਦ ਦੌਰਾਨ ਦਿੱਲੀ ਦੇ ਦੰਗਿਆਂ ਤੇ ਪੰਜਾਬ ਸੰਕਟ ਦੇ ਕਾਰਣ ਪੱਸਰੀ ਉਦਾਸੀ ਨੂੰ ਦ੍ਰਿਸ਼ਟਾਇਆ ਹੈ। ਲੇਖਕ ਨੇ ਸਤਵੰਤੀ ਪਾਤਰ ਰਾਹੀਂ ਸਮੁੱਚੇ ਪੰਜਾਬ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਪ੍ਰੇਮ ਪ੍ਰਕਾਸ਼ ਦੀ ਰਚਨਾ-ਦ੍ਰਿਸ਼ਟੀ ਉਸਦੇ ਪਹਿਲੇ ਕਹਾਣੀ ਸੰਗ੍ਰਹਿ ਤੋਂ ਅਖ਼ੀਰਲੇ ਕਹਾਣੀ-ਸੰਗ੍ਰਹਿ ਤੱਕ ਲਗਾਤਾਰ ਫੈਲਦੀ ਨਜ਼ਰ ਆ ਰਹੀ ਹੈ। ਉਸ ਦੇ ਆਰੰਭਲੇ ਕਹਾਣੀ-ਸੰਗ੍ਰਹਿ ਵਿੱਚ ਵਿਸ਼ੇ ਤੇ ਕਲਾ ਪੱਖੋਂ ਕਚਿਆਈ ਨਜ਼ਰ ਆਉਂਦੀ ਹੈ। ਕੱਚਕੜੇ, ਨਮਾਜ਼ੀ ਅਤੇ ਰੇਸ਼ਮ ਦਾ ਕੀੜਾ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਦੀ ਰਚਨਾਤਮਕਤਾ ਕਈ ਪੱਖਾਂ ਤੋਂ ਊਣਤਾਈਆਂ ਦੀ ਲਖਾਇਕ ਹੈ। ਉਸ ਦੇ ਪਹਿਲੇ ਕਹਾਣੀ-ਸੰਗ੍ਰਹਿਆਂ ਵਿਚਲੀਆਂ ਕਹਾਣੀਆਂ ਵਿੱਚ ਪੇਸ਼ ਔਰਤ-ਮਰਦ ਸੰਬੰਧ ਕੇਵਲ ਮਾਨਸਿਕ ਪੱਧਰ 'ਤੇ ਹੀ ਅਨੁਭਵ ਕੀਤੇ ਜਾਂਦੇ ਹਨ। ਬਹੁਤੀਆਂ ਕਹਾਣੀਆਂ ਵਿੱਚ ਮਰਦ ਕੇਵਲ ਔਰਤ ਸੰਬੰਧੀ ਗੱਲਾਂ ਕਰ ਕੇ ਆਪਣੇ ਮਨ ਦਾ ਵਿਰੇਚਨ ਕਰਦੇ ਹਨ। ਅਤੇ ਜੇਕਰ ਔਰਤ-ਮਰਦ ਵਿਚਕਾਰ ਜਿਨਸੀ-ਸੰਬੰਧ ਬਣਦੇ ਵੀ ਹਨ ਤਾਂ ਉਹ ਸਮਾਜ ਵਿੱਚ ਆਦਰਯੋਗ ਮਨੁੱਖ ਦਾ ਮਖੌਟਾ ਪਾ ਕੇ ਵਿਚਰਦੇ ਹਨ। ਇਹਨਾਂ ਕਹਾਣੀਆਂ ਵਿੱਚ ਜਿਹੜੀਆਂ ਔਰਤਾਂ ਮਰਦਾਂ ਨਾਲ ਗ਼ੈਰ-ਸਮਾਜਿਕ ਰਿਸ਼ਤੇ ਬਣਾਉਂਦੀਆਂ ਹਨ, ਉਹਨਾਂ ਪ੍ਰਤੀ ਸਮਾਜ ਤੇ ਮਰਦ ਪਾਤਰਾਂ ਦੀ ਦ੍ਰਿਸ਼ਟੀ ਆਦਰਯੋਗ ਨਹੀਂ। ਇਸ ਤੋਂ ਇਲਾਵਾ ਇਹਨਾਂ ਕਹਾਣੀਆਂ ਵਿੱਚ ਆਰਥਿਕ ਸਮੱਸਿਆਵਾਂ ਵੀ ਮਨੁੱਖ ਦੇ ਮਾਨਸਿਕ ਸੰਕਟ ਦਾ ਕਾਰਣ ਬਣਦੀਆਂ ਹਨ। ਇਹਨਾਂ ਕਹਾਣੀਆਂ ਵਿਚਲੇ ਪਾਤਰ ਸ਼ਹਿਰ ਵਿੱਚ ਵਿਚਰਦੇ ਆਪਣੀ ਸੰਸਕ੍ਰਿਤੀ ਤੋਂ ਟੁੱਟਣ ਦਾ ਸੰਤਾਪ ਹੰਢਾਉਂਦੇ ਹਨ। ਪਰੰਤੂ ਕੁਝ ਪਾਤਰ ਪਰੰਪਰਾਗਤ ਬੰਧਨਾਂ ਵਿੱਚ

punjabiforias.com

ਵਿੱਚਰਦੇ ਹੋਏ ਆਜ਼ਾਦੀ ਦੀ ਲੋਚਾ ਕਰਦੇ ਹਨ ਪਰ ਸਮਾਜ ਤੋਂ ਡਰਦੇ ਵੀ ਹਨ। ਕੁਝ ਕਹਾਣੀਆਂ ਵਿੱਚ ਲੇਖਕ ਦੀ ਰਚਨਾਤਮਕਤਾ ਸਮਾਜ ਵਿੱਚ ਵਿੱਦਿਆ ਦਾ ਪਾਸਾਰ ਕਰ ਕੇ ਲੋਕਾਂ ਨੂੰ ਸੁਚੇਤ ਕਰਨ ਵੱਲ ਆਕਰਸ਼ਿਤ ਜਾਪਦੀ ਹੈ। ਕਹਾਣੀਕਾਰ ਪ੍ਰੇਮ ਪ੍ਰਕਾਸ਼ ਸਮਕਾਲੀ ਲੇਖਕਾਂ ਦੀ ਪ੍ਰਵਿਰਤੀ ਤੋਂ ਹਟ ਕੇ ਲਿਖਣਾ ਪਸੰਦ ਕਰਦਾ ਹੈ। ਅਸਲ ਵਿੱਚ ਇਸ ਦ੍ਰਿਸ਼ਟੀ ਪਿੱਛੇ ਉਸ ਦਾ ਅੰਦਰਲਾ ਜਗਤ ਹੈ ਜਿਸ ਵਿੱਚ ਬਚਪਨ ਤੋ ਹੀ ਟਿਕਾਓ ਨਹੀਂ। ਪ੍ਰੇਮ ਪ੍ਰਕਾਸ਼ ਬਚਪਨ ਤੋਂ ਖੱਤਰੀ ਪਰਿਵਾਰ ਦੀਆਂ ਬੰਦਿਸ਼ਾਂ ਤੋਂ ਬਾਗੀ ਹੋਣਾ ਲੋਚਦਾ ਹੈ। ਇਹੀ ਪ੍ਰਵਿਰਤੀ ਉਸ ਦੀਆਂ ਕਹਾਣੀਆਂ ਵਿੱਚ ਵੀ ਵਿਦਮਾਨ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਸਮਾਜਿਕ ਤੇ ਸਾਂਸਕ੍ਰਿਤਕ ਬੰਧਨਾਂ ਨੂੰ ਤੋੜ ਕੇ ਮਨ ਦੀ ਸੁਤੰਤਰਤਾ ਨੂੰ ਮਾਣਨਾ ਚਾਹੁੰਦੇ ਹਨ।

ਪ੍ਰੇਮ ਪ੍ਰਕਾਸ ਦੀ ਰਚਨਾ-ਦ੍ਰਿਸ਼ਟੀ ਦਾ ਕੇਂਦਰ-ਬਿੰਦੂ ਮੱਧਵਰਗੀ ਸਮਾਜ ਹੈ। ਕਹਾਣੀਕਾਰ ਨੇ ਅਜੋਕੇ ਸਮਾਜ ਵਿੱਚ ਔਰਤ-ਮਰਦ ਸੰਬੰਧਾਂ ਦੇ ਵਿਰਾਟ ਜਗਤ ਨੂੰ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਉਸ ਦੁਆਰਾ ਰਚਿਤ ਕਹਾਣੀ ਸੰਗ੍ਰਹਿ ਮੁਕਤੀ ਨੇ ਉਸ ਦੀ ਕਹਾਣੀ ਜਗਤ ਵਿੱਚ ਇੱਕ ਵਿਸ਼ੇਸ਼ ਪਛਾਣ ਸਥਾਪਿਤ ਕੀਤੀ। ਇਸ ਕਹਾਣੀ ਸੰਗ੍ਰਹਿ ਵਿੱਚ ਲੇਖਕ ਨੇ ਵਿਸ਼ੇ ਤੇ ਕਲਾ ਪੱਖੋਂ ਅਜਿਹੇ ਨਵੇਂ ਤਜਰਬੇ ਕੀਤੇ ਕਿ ਉਹ ਪਾਠਕਾਂ ਤੇ ਆਲੋਚਕਾਂ ਲਈ ਚਰਚਾ ਦਾ ਵਿਸ਼ਾ ਬਣ ਗਿਆ। ਪ੍ਰੇਮ ਪ੍ਰਕਾਸ਼ ਨਾ ਕੇਵਲ ਯਥਾਰਥਵਾਦੀ ਕਹਾਣੀਕਾਰ ਹੈ ਬਲਕਿ ਦੂਰ-ਅੰਦੇਸ਼ੀ ਅਤ ਪੂਰਨ ਰੂਪ ਵਿੱਚ ਚੇਤੰਨ ਵੀ ਹੈ। ਉਹ ਸੰਸਾਰ ਵਿੱਚ ਨਿੱਤਾ-ਪ੍ਰਤੀ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਜਾਗਰੂਕ ਹੈ। ਇਹ ਘਟਨਾਵਾਂ ਉਸ ਦੀਆਂ ਕਹਾਣੀਆਂ ਦਾ ਆਧਾਰ ਬਣਦੀਆਂ ਹਨ। ਉਹ ਮਾਨਵੀ ਰਿਸ਼ਤਿਆਂ ਵਿੱਚ ਆਉਂਦੀਆਂ ਕਮਜ਼ੋਰੀਆਂ, ਤਰੇੜਾ ਤੇ ਟੁੱਟ-ਭੱਜ ਦਾ ਵੱਡਾ ਕਾਰਣ ਮਨੁੱਖ ਦੀ ਸਵਾਰਥ ਭਾਵਨਾ, ਆਰਥਿਕ ਮਜਬੂਰੀਆਂ ਅਤੇ ਪਰਿਵਾਰਿਕ ਟਕਰਾਓ ਤੋਂ ਪੈਦਾ ਹੋਇਆ ਦਵੰਦ ਦੱਸਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਭਾਰਤੀ ਪਰੰਪਰਾ ਵਿਚਲੇ ਸੰਸਕਾਰਾਂ ਤੇ ਮਿਥਾਂ ਨੂੰ ਅਜੋਕੇ ਸੰਦਰਭ ਵਿੱਚ ਪੇਸ਼ ਕੀਤਾ ਗਿਆ ਹੈ। ਕਹਾਣੀਆਂ ਦੇ ਪਾਤਰ ਮਰਿਆਦਾ ਭੰਜਕ ਹੋਣਾ ਲੋਚਦੇ ਹਨ ਤੇ ਆਪਣੀਆਂ ਅਤ੍ਰਿਪਤੀਆਂ ਦੀ ਤ੍ਰਿਪਤੀ ਲਈ ਕੀਤੇ ਗਏ ਗ਼ੈਰ-ਸਮਾਜਿਕ ਕਾਰਜ ਨੂੰ ਆਪਣੀ ਪ੍ਰਾਪਤੀ ਮੰਨਦੇ ਹਨ। ਸਮਾਜ ਸਾਹਮਣੇ ਨਸ਼ਰ ਹੋਣ ਦੇ ਭੈਅ ਅਧੀਨ ਵਿਚਰਦੇ ਇਹ ਪਾਤਰ ਪਾਪ ਦੀ ਭਾਵਨਾ ਦੇ ਬੋਝ ਥੱਲੇ ਵਿਚਰਦੇ ਮਨੋਰੋਗੀ ਹੋ ਜਾਂਦੇ ਹਨ। ਔਰਤ-ਮਰਦ ਦੇ ਜਿਨਸੀ ਸੰਬੰਧਾਂ ਦਾ ਨਿਝੱਕ ਪ੍ਰਗਟਾਵਾ ਕਰਨ ਕਰਕੇ ਬੇਸ਼ੱਕ ਪ੍ਰੇਮ ਪ੍ਰਕਾਸ਼ ਨੂੰ ਆਲੋਚਕਾਂ ਵੱਲੋਂ ਨਿੰਦਿਆ ਗਿਆ ਹੈ ਪਰ ਅਸਲ ਵਿੱਚ ਇਹ ਅਜੋਕੇ ਸਮਾਜ ਵਿੱਚ ਵਿਚਰਦੇ ਅਨੇਕਾਂ ਹੀ ਮੱਧਵਰਗੀ ਮਨੁੱਖਾਂ ਦਾ ਮਾਨਸਿਕ ਸੱਚ ਹੈ। ਕਹਾਣੀਆਂ ਵਿੱਚ ਲੇਖਕ ਕਿਤੇ ਆਪ ਸ਼ਾਮਿਲ ਨਜ਼ਰ ਨਹੀਂ ਆਉਂਦਾ ਸਗੋਂ ਇੱਕ ਵਿੱਥ 'ਤੇ ਖਲੋ ਕੇ ਕਾਰਜ ਨੂੰ ਵੇਖਦਾ ਹੈ। ਕਹਾਣੀਆਂ ਦੇ ਪਾਤਰਾਂ ਦੁਆਰਾ ਮਨੁੱਖ ਮਨ ਦੀ ਭਟਕਣਾ ਦਾ ਹੱਲ ਉਹ ਅਸਲ ਵਿੱਚ ਪਾਠਕਾਂ ਤੇ ਆਲੋਚਕਾਂ ਦੀ ਸੋਚ 'ਤੇ ਛੱਡ ਦਿੰਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਪਾਤਰਾਂ ਦੇ ਬਦਲਦੇ ਵਿਹਾਰ ਇੱਕ ਪਾਸੇ ਉਸ ਦੀ ਕਲਾਤਮਕਤਾ ਦਾ ਪ੍ਰਗਟਾਵਾ ਕਰਦੇ ਹਨ ਤੇ ਦੂਜੇ ਪਾਸੇ ਅਜੋਗੇ ਮਨੁੱਖ ਦੇ ਮਨ ਦੀ ਤਰਲਸ਼ੀਲਤਾ ਦੀ ਪੇਸ਼ਕਾਰੀ ਕਰਦੇ ਹਨ। ਉਸ ਦੇ ਪਾਤਰ ਪਰਿਵਰਤਨ ਵੀ ਚਾਹੁੰਦੇ ਹਨ। ਇਹ ਪ੍ਰਕਿਰਿਆ ਅਜੋਕੀ ਮਨੁੱਖੀ ਚੇਤਨਾ ਦਾ ਵਿਕਾਸ ਮੰਨੀ ਜਾ ਸਕਦੀ ਹੈ। ਪ੍ਰੇਮ ਪ੍ਰਕਾਸ ਪਾਤਰਾਂ ਬਾਰੇ ਸਿੱਧੀ ਬਿਆਨਬਾਜ਼ੀ ਨਹੀਂ ਕਰਦਾ ਸਗੋਂ ਉਸ ਦੀ ਕੋਈ ਹਰਕਤ ਦੱਸਦਾ ਹੈ ਜਿ ਤੋਂ ਪਾਠਕ ਉਸ ਦੇ ਉਚਾਰਨੀ ਲਹਿਜ਼ੇ ਤੋਂ ਉਸ ਦੀ ਸਥਿਤੀ ਜਾਂ ਸੁਭਾਅ ਬਾਰੇ ਅੰਦਾਜ਼ੇ ਲਗਾਉਂਦਾ ਹੈ। ਇਹ ਪਰੰਪਰਾਗਤ ਹੁਲੀਆ ਨਵੀਸੀ ਦੀ ਵਿਧੀ ਨਹੀਂ, ਆਧੁਨਿਕ ਸੰਕੇਤਕੀ ਵਿਧੀ ਹੈ।

ਲੇਖਕ ਦੀ ਰਚਨਾ-ਦ੍ਰਿਸ਼ਟੀ ਦਾ ਉਸਾਰੂ ਪੱਖ ਇਹ ਹੈ ਕਿ ਉਸ ਦੀ ਕਹਾਣੀ ਕੀ ਅੰਤਿਮ ਨਿਰਣਾ ਨਹੀਂ ਦਿੰਦੀ ਸਗੋਂ ਪਾਠਕ ਲਈ ਨਵੀਂ ਸੰਭਾਵਨਾ ਸਿਰਜ ਜਾਂਦੀ ਹੈ। ਲੇਖਕ ਦੀਆਂ ਕਹਾਣੀਆਂ ਵਿੱਚ ਸਪੱਸ਼ਟ ਹੈ ਕਿ ਮਨੁੱਖ ਦਾ ਕਿਰਦਾਰ ਉਸ ਦੇ ਪੂਰਵਲੇ ਸੰਸਕਾਰਾਂ ਤੇ ਨਾਲ-ਨਾਲ ਉਸ ਦੀਆਂ ਸਥਿਤੀਆਂ-ਪਰਿਸਥਿਤੀਆਂ ਦਾ ਨਿਰਮਾਣ ਵੀ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਸਮਾਜਿਕ ਰਿਸ਼ਤਿਆਂ ਦੇ ਉਲਾਰੂ ਹੋਣ ਦਾ ਕਾਰਣ ਪ੍ਰਕਿਰਤੀ ਤੇ ਸੰਸਕ੍ਰਿਤੀ ਦਾ ਭੇੜ ਵੀ ਹੈ। ਮਨੁੱਖੀ ਮਨ ਦੀ ਤਰਲਤਾ ਦਾ ਵੀ ਇਸ ਵਿੱਚ ਮੁੱਖ ਰੋਲ ਹੈ। ਇਸ ਸੰਬੰਧੀ ਰਜਨੀਸ਼ ਬਹਾਦਰ ਸਿੰਘ ਦਾ ਕਥਨ ਬੜਾ ਸਾਰਥਕ ਹੈ :

ਪ੍ਰੇਮ ਪ੍ਰਕਾਸ਼ ਸਭਿਆਚਾਰ, ਸਮਾਜਿਕ, ਆਰਥਿਕ ਅਤੇ ਵਿਚਾਰਗਤ ਦਬਾਵਾਂ ਅਧੀਨ ਬਣਦੇ, ਵਿਗਸਦੇ, ਤਿੜਕਦੇ ਤੇ ਬਿਨਸਦੇ ਵਿਅਕਤੀਗਤ ਆਪੇ ਦਾ ਕਹਾਣੀਕਾਰ ਹੈ। ਔਰਤ-ਮਰਦ ਆਕਰਸ਼ਣ ਦੇ ਜੀਵੰਤ ਧਰਾਤਲ ਤੋਂ ਲੈ ਕੇ ਔਰਤ-ਮਰਦ ਸੰਬੰਧਾਂ ਦੇ ਸੱਭਿਆਚਾਰਕ-ਰੀਤੀਮੂਲਕ ਰੂਪਾਂ ਨਾਲ ਬਹੁ ਭਿੰਨ ਅਨੁਪਾਤਾਂ ਵਿੱਚ ਜੁੜਿਆ ਵਿਅਕਤੀਗਤ ਆਪਾ ਪ੍ਰੇਮ ਪ੍ਰਕਾਸ਼ ਦੀ ਦਿਲਚਸਪੀ ਦਾ ਮਰਕਜ਼ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਔਰਤ ਪਾਤਰ ਗ਼ੈਰ-ਸਮਾਜਿਕ ਜਿਨਸੀ ਸੰਬੰਧ ਬਣਾਉਂਦੇ ਹਨ ਪਰ ਲੇਖਕ ਇਸ ਕਾਰਜ ਪਿੱਛੇ ਔਰਤ ਦੀ ਮਾੜੀ ਆਰਥਿਕਤਾ, ਇਕੱਲਤਾ ਜਾਂ ਪਤੀ ਵੱਲੋਂ ਉਪਰਾਮਤਾ ਜਾਂ ਅਕੇਵਾਂ ਮੰਨਦਾ ਹੈ। ਲੇਖਕ ਦੀਆਂ ਕਹਾਣੀਆਂ ਦੀ ਔਰਤ ਪਾਤਰ ਇੱਕੋ ਤਰ੍ਹਾਂ ਦੀ ਪ੍ਰਤੀਤ ਹੁੰਦੀ ਹੈ। ਇਸ ਸਬੰਧੀ ਡਾ. ਧਨਵੰਤ ਕੌਰ ਦੀ ਟਿੱਪਣੀ ਸਾਰਥਕ ਹੈ :

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਵਿਵੇਕ ਨੂੰ ਪਛਾਣੀਏ ਤਾਂ ਇਹ ਪਤਾ ਲੱਗਦਾ ਹੈ ਕਿ ਉਹ ਰਿਸ਼ਤਿਆਂ ਵਿਚਲੇ ਲਗਾਓ ਦੀ ਥਾਂ ਰਿਸ਼ਤਿਆਂ ਵਿਚਲੇ 'ਰਗੜਾਓ' ਦਾ ਕਹਾਣੀਕਾਰ ਹੈ। ਉਹ ਆਧੁਨਿਕ ਮਨੁੱਖ ਦੇ ਬਹੁ-ਪਰਤੀ ਗੁੰਝਲਦਾਰ, ਆਰਥਿਕ, ਸਮਾਜਿਕ ਮਾਨਤਾਵਾਂ, ਪਰਿਸਥਿਤੀਆਂ ਦਾ ਸੰਦਰਭ ਸਿਰਜਣ ਦੀ ਥਾਂ ਵਿਅਕਤੀ ਮਨ ਦੇ ਜਾਤੀ ਅਵਚੇਤਰਨ ਤੇ ਸੁਚੇਤ ਤੇ ਵਿਭਿੰਨ ਮਨੋਵਿਗਿਆਨਕ ਦਖ਼ਲਾਂ ਨੂੰ ਉਜਾਗਰ ਕਰਦਾ ਹੈ। ਉਸ ਦੀ ਕਹਾਣੀ ਵਿੱਚ ਸਾਵੇ ਸੰਤੁਲਿਤ ਜਾਂ ਸੰਤੁਸ਼ਟ ਰਿਸ਼ਤਿਆਂ ਦੀ ਲੱਗਭਗ ਅਣਹੋਂਦ ਹੈ। ਉਸ ਦੀਆਂ ਕੁੱਝ ਕੁ ਕਹਾਣੀਆਂ ਵਿੱਚ ਪੰਜਾਬ-ਵੰਡ, ਨਕਸਲੀ ਲਹਿਰ 'ਤੇ ਪੰਜਾਬ ਸੰਕਟ ਦਾ ਸੰਤਾਪ ਪ੍ਰਗਟ ਹੁੰਦਾ ਹੈ। ਲੇਖਕ ਦੀ ਰਚਨਾ ਦ੍ਰਿਸ਼ਟੀ ਇਹਨਾਂ ਸਥਿਤੀਆਂ ਵਿੱਚ ਵੀ ਧਰਮ, ਸੰਪ੍ਰਦਾਇਕਤਾ ਤੋਂ ਉੱਪਰ ਉੱਠ ਕੇ ਕੇਵਲ ਮਾਨਵਤਾ ਦੇ ਹੱਕ ਵਿੱਚ ਬੋਲਦੀ ਜਾਪਦੀ ਹੈ।

ਪ੍ਰੇਮ ਪ੍ਰਕਾਸ਼ ਦੀ ਕਹਾਣੀ ਸੰਰਚਨਾ ਵਿੱਚ ਜਟਿਲਤਾ ਅਸਲ ਵਿੱਚ ਅਜੋਕੇ ਮਨੁੱਖੀ ਜੀਵਨ ਦੀ ਜਟਿਲਤਾ ਦਾ ਹੀ ਪ੍ਰਗਟਾ ਹੈ। ਉਹ ਮਨੁੱਖੀ ਮਨ ਦੇ ਅਮੂਰਤ ਭਾਵਾਂ ਨੂੰ ਸ਼ਬਦਾਂ ਰਾਹੀਂ ਪ੍ਰਗਟਾਉਣ ਵਾਲਾ ਸਫਲ ਕਹਾਣੀਕਾਰ ਹੈ। ਕਹਾਣੀਆਂ ਵਿੱਚ ਬਣਤਰ ਤੇ ਬੁਣਤਰ ਵਿਚਲੀ ਜਟਿਲਤਾ ਅਕਸਰ ਪਾਠਕ ਨੂੰ ਕਹਾਣੀ ਦੇ ਪਾਠ ਨੂੰ ਕਹਾਣੀ ਦੇ ਪਾਠ ਨੂੰ ਬਾਰ-ਬਾਰ ਪੜ੍ਹਨ ਲਈ ਮਜ਼ਬੂਰ ਕਰਦੀ ਹੈ। ਕਹਾਣੀ ਦੇ ਪਾਠ ਦੀ ਵਿਲੱਖਣਤਾ ਇਹ ਹੈ ਕਿ ਹਰ ਪੜ੍ਹਤ ਵਿੱਚ ਪਾਠਕ ਕਹਾਣੀ ਨਵੀਂ ਪਰਤ ਤੋਂ

ਜਾਣੂ ਹੁੰਦਾ ਹੈ। ਲੇਖਕ ਦੀ ਪ੍ਰਾਪਤੀ ਇਸ ਵਿੱਚ ਹੈ ਕਿ ਉਹ ਆਪਣੀ ਗੱਲ ਸਪੱਸ਼ਟ ਕਰਨ ਲਈ ਸੰਸਕ੍ਰਿਤੀ ਵਿੱਚ ਅਨੇਕਾਂ ਮਿੱਥਾਂ, ਅਖਾਣਾਂ ਤੇ ਮੁਹਾਵਰਿਆਂ ਨੂੰ ਅੰਤਰ-ਪਾਠ ਵਜੋਂ ਵਰਤਦਾ ਹੈ। ਲੇਖਕ ਦੀ ਹਰ ਕਹਾਣੀ ਭਾਵੇਂ ਧਰਮ, ਸਮਾਜ ਤੇ ਸੰਸਕ੍ਰਿਤੀ ਉਪਰ ਤਰਕ ਸਿਰਜਦੀ ਹੈ ਪਰ ਨਾਲ ਦੀ ਨਾਲ ਪਾਠਕ ਇਸ ਤੋਂ ਇਹ ਵੀ ਸੇਧ ਲੈਂਦਾ ਹੈ ਕਿ ਸਮਾਜਿਕ ਰੀਤਾਂ ਦਾ ਭੰਜਕ ਬਣ ਕੇ ਮਨੁੱਖ ਮਾਨਸਿਕ ਸੰਤਾਪ ਦਾ ਭਾਗੀ ਬਣਦਾ ਹੈ। ਸੋ ਇਹ ਤਾਂ ਪਾਠਕ ਦਾ ਆਪਣਾ ਵਿਵੇਕ ਹੈ ਕਿ ਉਹ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਤੋਂ ਕਿਹੋ ਜਿਹੀ ਸੂਝ ਲੈਂਦਾ ਹੈ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰੇਮ ਪ੍ਰਕਾਸ਼ ਦੀ ਰਚਨਾ-ਦ੍ਰਿਸ਼ਟੀ ਕਿਸੇ ਇੱਕ ਨੁਕਤੇ 'ਤੇ ਕੇਂਦਰਿਤ ਨਹੀਂ ਹੁੰਦੀ ਸਗੋਂ ਮਨੁੱਖੀ ਮਨ ਦੀਆਂ ਅਸੀਮ ਦ੍ਰਿਸ਼ਟੀਆਂ ਦੇ ਆਂਤਰਿਕ ਸੱਚ ਨੂੰ ਪ੍ਰਗਟਾਉਂਦੀ ਹੈ ਜੋ ਉਸ ਦੇ ਕਥਾ ਵਿਵੇਕ ਦੀ ਉੱਤਮਤਾ ਹੈ।

**ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਨਾਰੀ ਚੇਤਨਾ**

ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਪੰਜਾਹਵਿਆਂ ਦੇ ਅੰਤ ਵਿੱਚ ਲਿਖਣਾ ਆਰੰਭ ਕੀਤਾ। ਇਸ ਸਮੇਂ ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਗੁਰਦਿਆਲ ਸਿੰਘ, ਵਰਿਆਮ ਸੰਧੂ, ਰਾਮ ਸਰੂਪ ਅਣਖੀ ਦੇ ਨਾਮ ਗਿਣਨਯੋਗ ਹਨ। ਇਹਨਾਂ ਕਹਾਣੀਕਾਰਾਂ ਨੇ ਪੁਰਾਣੀਆਂ ਕਦਰਾਂ-ਕੀਮਤਾਂ ਜੋ ਮਨੁੱਖੀ ਅਕਾਂਖਿਆਵਾਂ ਦਾ ਦਮਨ ਕਰਦੀਆਂ ਹਨ, ਉਹਨਾਂ ਉੱਪਰ ਵਿਅੰਗ ਕਰਦਿਆਂ ਮਨੁੱਖੀ ਜ਼ਿੰਦਗੀ ਦੀ ਹੋਂਦ ਦੇ ਨਵੇਂ ਆਯਾਮ ਰਚੇ। ਇਹਨਾਂ ਲੇਖਕਾਂ ਦੀਆਂ ਕਹਾਣੀਆਂ ਵਿਚਲੀ ਰਚਨਾ-ਦ੍ਰਿਸ਼ਟੀ ਪਾਠਕ ਵਰਗ ਨੂੰ ਆਪਣੇ ਅਤੀਤ ਵਿੱਚ ਨਾ ਵਹਿ ਕੇ ਵਰਤਮਾਨ ਤੇ ਭਵਿੱਖ ਦੀਆਂ ਸੰਭਾਵਨਾਵਾਂ ਪ੍ਰਤੀ ਚੇਤੰਨ ਕਰਦੀ ਨਜ਼ਰ ਆਉਂਦੀ ਹੈ। ਇਹਨਾਂ ਲੇਖਕਾਂ ਨੇ ਨਾਰੀ ਦੀ ਸਮਾਜ ਵਿੱਚ ਨਾ ਬਰਾਬਰ ਪਿੱਛੇ ਕਾਰਜ ਕਰਕੇ ਮੁੱਦਿਆਂ ਨੂੰ ਉਠਾਇਆ। ਨਾਰੀ ਮਨ ਦੀਆਂ ਸੂਖਮ ਬਿਰਤੀਆਂ ਦਾ ਮੁਲਾਂਕਣ ਕਰਦਿਆਂ ਕਹਾਣੀਕਾਰਾਂ ਨੇ ਨਾਰੀ ਚੇਤਨਾ ਦਾ ਬੀੜਾ ਚੁੱਕਿਆ। ਇੱਥੇ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਕਾਰਜ ਵਿੱਚ ਕੇਵਲ ਔਰਤ ਕਹਾਣੀਕਾਰ ਨੇ ਹੀ ਨਹੀਂ ਸਗੋਂ ਮਰਦ ਕਹਾਣੀਕਾਰਾਂ ਨੇ ਵੀ ਭਰਵਾਂ ਹੁੰਗਾਰਾ ਦਿੱਤਾ ਹੈ ਜਦੋਂ ਸੇਖੋਂ ਤੇ ਸੁਜਾਨ ਸਿੰਘ ਵਰਗੇ ਕਹਾਣੀਕਾਰ ਸੂਤਰਧਾਰੀ ਵਿਧੀ ਆਪਣਾ ਰਹੇ ਸਨ ਤਾਂ ਦੁੱਗਲ, ਗਾਰਗੀ ਤੇ ਵਿਰਕ ਜਿਹੇ ਕਹਾਣੀਕਾਰਾਂ ਨੇ ਉੱਤਮ-ਪੁਰਖੀ ਸ਼ੈਲੀ ਰਾਹੀਂ ਮਨੁੱਖੀ ਮਨ ਦੀਆਂ ਸੂਖਮ ਤੰਦਾਂ ਨੂੰ ਛੋਹਿਆ। ਪ੍ਰੇਮ ਪ੍ਰਕਾਸ਼ ਦੀ ਆਮਦ ਨਾਲ ਪੰਜਾਬੀ ਕਹਾਣੀ ਦੀ ਬਣਤਰ ਤੇ ਬੁਣਤਰ ਵਿੱਚ ਚੋਖਾ ਪਰਿਵਰਤਨ ਆਇਆ। ਪ੍ਰੇਮ ਪ੍ਰਕਾਸ਼ ਦੇ ਸਮਕਾਲੀ ਪੰਜਾਹਵਿਆਂ ਦੇ ਅੰਤ ਤੇ ਸੱਠਵਿਆਂ ਦੇ ਆਰੰਭ ਵਿੱਚ ਸਮਕਾਲੀ ਸਮੇਂ ਤੇ ਸਥਿਤੀਆਂ ਅਨੁਸਾਰ ਕਿਸਾਨੀ ਸਮੱਸਿਆਵਾਂ, ਨਕਸਲੀ ਲਹਿਰ ਤੇ ਪੰਜਾਬ ਸੰਕਟ ਸੰਬੰਧੀ ਲਿਖ ਰਹੇ ਸਨ। ਇਹਨਾਂ ਲੇਖਕਾਂ ਨੇ ਸਮਕਾਲੀ ਸਮੇਂ ਵਿੱਚ ਮਨੁੱਖ ਦੀ ਬੇਵਸੀ ਨੂੰ ਜ਼ਾਹਰ ਕਰਦਿਆਂ ਮਾਨਵੀ ਰਿਸ਼ਤਿਆਂ ਦੇ ਮਨੋਸੰਕਟ ਦੇ ਸਿੱਟਿਆਂ ਨੂੰ ਬੜੀ ਗੰਭੀਰਤਾ ਨਾਲ ਵਾਚਿਆ ਹੈ। ਪ੍ਰੇਮ ਪ੍ਰਕਾਸ਼ ਦੀ ਵਿਲੱਖਣਤਾ ਇਸ ਵਿੱਚ ਹੈ ਕਿ ਉਹ ਆਪਣੇ ਸਮਕਾਲੀਆਂ ਦਾ ਪਿੱਛਲੱਗ ਨਾ ਹੋ ਕੇ ਮਨੁੱਖੀ ਮਨ ਦੀ ਆਂਤਰਿਕਤਾ ਦੀਆਂ ਸੁਖਮਤਾਵਾਂ ਨੂੰ ਜਾਹਰ ਕਰਨ ਵਿੱਚ ਰੁਚਿਤ ਹੈ। ਪ੍ਰੇਮ ਪ੍ਰਕਾਸ਼ ਭਾਰਤੀ ਵਿਆਹ ਪਰੰਪਰਾ ਨੂੰ ਨਿਰਾਰਥਕ ਦੱਸਦਾ ਹੈ। ਉਸ ਦੀ ਕਹਾਣੀ ਅੱਜ ਦੇ ਸਮੇਂ ਵਿੱਚ ਔਰਤ ਅੰਦਰ ਮਰਦ ਤੇ ਮਰਦ ਅੰਦਰ ਵਿਭਿੰਨ ਔਰਤਾਂ ਨੂੰ ਪਛਾਨਣ ਦੀ ਮਾਹਰ ਹੈ। ਪਤੀ ਪਤਨੀ ਆਪਣੀਆਂ ਕਮੀਆਂ ਨੂੰ ਛੁਪਾਉਂਦੇ ਨਹੀਂ ਸਗੋਂ ਜਾਹਰ ਹੋਣ ਦਿੰਦੇ ਹਨ। ਪ੍ਰੇਮ ਪ੍ਰਕਾਸ਼ ਦੀ ਕਲਮ ਸਥਿਤੀਆਂ ਦੇ ਸੱਚ ਨੂੰ ਪ੍ਰਵਾਨਦੀ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਪ੍ਰੇਮ-ਵਿਆਹ ਕਰਵਾ ਕੇ ਅਸੰਤੁਸ਼ਟ ਨਜ਼ਰ ਆਉਂਦੇ ਹਨ। 'ਕੋਠੀ ਵਾਲੀ', 'ਦੀਵੇ ਦਾ ਗੁਲ', 'ਬੰਗਲਾ', 'ਗੋਈ', 'ਘਰ', 'ਮਿਸ਼ਨ ਕਪਾਊਂਡ', 'ਦੂਜਾ ਜਨਮ' ਜਿਹੀਆਂ ਕਹਾਣੀਆਂ ਵਿੱਚ ਅਜੋਕੇ ਗਲੋਬਲੀਕਰਣ ਅਧੀਨ ਵਿਚਰਦੇ ਮਨੁੱਖ ਦੇ ਮਨੋਦੁਖਾਂਤ ਨੂੰ ਪੇਸ਼ ਕੀਤਾ ਹੈ ਜੋ ਬਹੁਤ ਕੁਝ ਦੀ ਪ੍ਰਾਪਤੀ ਦੀ ਇੱਛਾ ਕਰਦਾ ਤ੍ਰਿਪਤੀ ਦੀ ਜਗ੍ਹਾ ਅਤ੍ਰਿਪਤੀ ਦਾ ਭਾਗੀ ਬਣ ਜਾਂਦਾ ਹੈ।

ਲੇਖਕ ਪ੍ਰੇਮ ਪ੍ਰਕਾਸ਼ ਦੀ ਕਲਮ ਦੀ ਵਿਲੱਖਣਤਾ ਇਹ ਹੈ ਕਿ ਉਹ ਮਰਦ ਹੋ ਕੇ ਵੀ ਔਰਤ ਮਨ ਦੀਆਂ ਤਹਿਆਂ ਨੂੰ ਬੜੀ ਬਾਰੀਕੀ ਨਾਲ ਫਰੋਲਦਾ ਹੈ। 'ਗੰਗੋਤਰੀ ਪੁਰਾਣ', 'ਸ਼ਵੇਤਾਂਬਰ ਨੇ ਕਿਹਾ ਸੀ' ਆਦਿ ਕਹਾਣੀਆਂ ਵਿੱਚ ਪਤੀ ਦੇ ਵਿਦੇਸ਼ ਜਾਣ ਬਾਅਦ ਗ਼ੈਰ-ਮਰਦਾਂ ਨਾਲ ਦੋਸਤੀ ਪਾਉਂਦੀਆਂ ਹਨ ਪਰ ਪਰਿਵਾਰਕ ਇਕਾਈ ਟੁੱਟਣ ਦੇ ਦੋਹਰੇ ਸੰਤਾਪ ਨੂੰ ਭੋਗਦੀਆਂ ਨਜ਼ਰ ਆਉਂਦੀਆਂ ਹਨ। ਲੇਖਕ ਦੀ ਕਥਾ-ਜੁਗਤ ਦੀ ਸਫਲਤਾ ਇਹ ਹੈ ਕਿ ਉਹ ਕਿਤੇ ਵੀ ਕਲਪਨਾ ਦਾ ਗੁਬਾਰਾ ਛੱਡ ਕੇ ਪਾਠਕ ਨੂੰ ਆਦਰਸ਼ਵਾਦੀ ਹੋਣ ਲਈ ਮਜ਼ਬੂਰ ਨਹੀਂ ਕਰਦਾ ਸਗੋਂ ਸਥਿਤੀਆਂ ਦੇ ਸੱਚ ਦਾ ਸਪੱਸ਼ਟੀਕਰਨ ਕਰਦਾ ਹੈ। ਲੇਖਕ ਮਨੁੱਖੀ ਮਨ ਦੇ ਅਜਿਹੇ ਕਰੂਰ ਸੱਚ ਨੂੰ ਪੇਸ਼ ਕਰਦਾ ਹੈ ਜਿਸ ਦਾ ਪ੍ਰਗਟਾਵਾ ਕਰਨਾ ਸਮਾਜ ਵਿੱਚ ਮਰਿਆਦਾ ਭੰਜਕ ਪ੍ਰਤੀਤ ਹੁੰਦਾ ਹੈ। ਇੱਥੇ ਲੇਕਕ ਦੀ ਵਿਲੱਖਣਤਾ ਇਹ ਹੈ ਕਿ ਉਹ ਇੱਕ ਤੀਰ ਨਾਲ ਦੋ ਨਿਸ਼ਾਨੇ ਲਗਾਉਂਦਾ ਹੈ। ਇੱਕ ਪਾਸੇ ਉਹ ਇਕੱਲਤਾ ਹੰਢਾਂਉਂਦੇ ਮਨੁੱਖ ਦਾ ਰੁਦਨ ਪੇਸ਼ ਕਰਦਾ ਹੈ ਤੇ ਦੂਜੇ ਪਾਸੇ ਮਰਿਆਦਾ ਭੰਜਕ ਹੋਮ ਦੇ ਸਿੱਟਿਆਂ ਦੀ ਪੇਸ਼ਕਾਰੀ ਕਰ ਕੇ ਕਿਤੇ ਨਾ ਕਿਤੇ ਸਮਾਜਿਕ ਦ੍ਰਿਸ਼ਟੀ ਅਧੀਨ ਵਿਚਰਦਾ ਨਜ਼ਰ ਆਉਂਦਾ ਹੈ। ਜੇਕਰ ਗਹੁ ਨਾਲ ਵਿਚਾਰੀਏ ਤਾਂ ਉਸ ਦੀਆਂ ਕਹਾਣੀਆਂ ਵਿਚਲੇ ਪਾਤਰ ਅਜੋਕੇ ਮਨੁੱਖ ਦੇ ਆਂਤਰਿਕ ਸੱਚ ਨੂੰ ਪੇਸ਼ ਕਰਦਿਆਂ ਅਸਲ ਵਿੱਚ ਮਨੁੱਖ ਨੂੰ ਚੇਤਨਾ ਦਿੰਦੇ ਹਨ। ਪਾਠਕ/ਆਲੋਚਕ ਦਾ ਨਜ਼ਰੀਆ ਜਿੰਨਾ ਤੀਖਣ ਤੇ ਬੌਧਿਕਤਾ ਭਰਪੂਰ ਹੋਵੇਗਾ, ਓਨਾ ਹੀ ਉਹ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚਲੀ ਸਾਰਥਕਤਾ ਨੂੰ ਪਛਾਣ ਸਕੇਗਾ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਔਰਤ ਕੇਂਦਰੀ ਪਾਤਰ ਵਾਂਗ ਕਾਰਜ ਕਰਦੀ ਹੈ। ਇਹ ਔਰਤ ਕੋਈ ਖ਼ਿਆਲੀ ਜਾਂ ਕਾਲਪਨਿਕ ਨਹੀਂ ਸਗੋਂ ਨਿੱਜ ਦੇ ਹੰਢਾਏ ਅਨੁਭਵਾਂ ਵਿੱਚੋਂ ਜਨਮ ਲੈਂਦੀ ਹੈ। ਲੇਖਕ ਨੇ ਆਪਣੀ ਸ੍ਵੈ-ਜੀਵਨੀ ਆਤਮ ਮਾਯਾ ਵਿੱਚ ਵੀ ਕਾਮ ਵਿਗੋਚੇ ਨੂੰ ਹੰਢਾਉਂਦੇ ਮਨੁੱਖ ਦੀ ਮਾਨਸਿਕਤਾ ਨੂੰ ਅਭਿਵਿਅਕਤ ਕੀਤਾ ਹੈ। ਪ੍ਰੇਮ ਪ੍ਰਕਾਸ਼ ਇਸ ਪੁਸਤਕ ਵਿੱਚ ਔਰਤਾਂ ਪ੍ਰਤੀ ਹੰਢਾਏ ਨਿੱਜੀ ਤਜਰਬਿਆਂ ਨੂੰ ਪੇਸ਼ ਕਰਦਾ ਹੈ। ਲੇਖਕ ਖੁਦ ਮੰਨਦਾ ਹੈ ਕਿ ਔਰਤ ਉਸ ਦੇ ਅਚੇਤ ਮਨ ਦਾ ਹਿੱਸਾ ਬਣੀ ਰਹਿੰਦੀ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚਲੀ ਨਾਰੀ ਸਰੀਰਕ ਤੇ ਮਾਨਸਿਕ ਆਜ਼ਾਦੀ ਦੀ ਲੋਚਾ ਕਰਦੀ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਔਰਤ ਮਨ ਨੂੰ ਚਿਤਰਣ ਲਈ ਮਨੋ-ਵਿਸ਼ਲੇਸ਼ਣੀ ਵਿਧੀ ਦੀ ਵਰਤੋਂ ਕੀਤੀ ਗਈ ਹੈ। ਕਾਮ ਸਬੰਧੀ ਲਿਖਦੇ ਐਲਬਰਟ ਐਲੀਜ਼ ਇਸ ਨੂੰ ਮਨੁੱਖੀ ਮਾਨਸਿਕ ਭਟਕਣਾ ਦੀ ਜੜ੍ਹ ਆਖਦੇ ਹਨ : -

ਕਾਮ ਮਨੁੱਖੀ ਜੀਵਨ ਦੀ ਕੇਂਦਰੀ ਸਮੱਸਿਆ ਹੈ। ਇਹ ਜ਼ਿੰਦਗੀ ਦੀ ਜੜ੍ਹ ਹੈ ਅਤੇ ਅਸੀਂ ਉਦੋਂ ਤੱਕ ਜੀਵਨ ਨੂੰ ਸਹੀ ਤਰੀਕੇ ਨਾਲ ਨਹੀਂ ਜਾਣ ਸਕਦੇ, ਜਦ ਤੱਕ ਸਾਨੂੰ ਇਹ ਮਾਲੂਮ ਨਹੀਂ ਕਿ ਕਾਮ ਨੂੰ ਕਿਵੇਂ ਸਮਝਣਾ ਹੈ।

ਭਾਰਤੀ ਸਮਾਜ ਵਿੱਚ ਲਿੰਗ/ਕਾਮ ਜਿਹੇ ਵਿਸ਼ੇ 'ਤੇ ਲਿਖਣਾ ਅਸਮਾਜਕ ਮੰਨਿਆ ਜਾਂਦਾ ਹੈ। ਜਿਸ ਕਾਰਣ ਕਾਮ ਸਮੱਸਿਆਵਾਂ ਮੁਲਾਕਣ ਦੀ ਜਗ੍ਹਾ ਜਟਿਲ ਹੁੰਦੀਆਂ ਗਈਆ ਪਰ ਪ੍ਰੇਮ ਪ੍ਰਕਾਸ਼ ਨੇ ਮਨੁੱਖ ਦੀਆਂ ਇਹਨਾਂ ਬਿਰਤੀਆਂ ਨੂੰ ਬੜੇ ਤਰਕ ਤੇ ਸੁਹਜ ਨਾਲ ਪੇਸ਼ ਕੀਤਾ ਹੈ।

ਡਾ. ਜੋਗਿੰਦਰ ਸਿੰਘ ਰਾਹੀਂ ਪ੍ਰੇਮ ਪ੍ਰਕਾਸ਼ ਦੇ ਪਾਤਰਾਂ ਸੰਬੰਧੀ ਟਿੱਪਣੀ ਕਰਦੇ ਲਿਖਦੇ ਹਨ :

ਉਹ ਪਾਤਰਾਂ ਦੀ ਮਾਨਸਿਕ ਸ਼ਖ਼ਸ਼ੀ ਵਿੱਚੋਂ ਸਮਾਜਿਕ ਸਥਿਤੀ ਦੀਆਂ ਅਹੁਰਾਂ ਨੂੰ ਮੂਰਤੀਮਾਨ ਕਰਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਮੱਧਵਰਗੀ ਸ਼੍ਰੇਣੀ ਨਾਲ ਸੰਬੰਧਿਤ ਪੜ੍ਹੀ ਲਿਖੀ ਨੌਕਰੀ ਪੇਸ਼ੇ ਵਾਲੀ ਔਰਤ ਹੈ। ਕੁਝ ਕਹਾਣੀਆਂ ਵਿੱਚ ਔਰਤ ਦੀ ਕਲਾਕਾਰ ਬਿਰਤੀ, ਸ੍ਵੈਮਾਣ, ਬਹਾਦਰ, ਮਾਨਸਿਕ ਅਸੰਤੁਸ਼ਟਤਾ, ਕਬਜੇ ਦੀ ਭਾਵਨਾ ਤੋਂ ਅਜ਼ਾਦ, ਸਮਾਜ ਦੀ ਪਰਵਾਹ ਨਾ ਕਰਨ ਵਾਲੀ, ਸੰਪੂਰਨ ਮਰਦ ਦੀ ਤਲਾਸ਼ ਕਰਨ ਵਾਲੀ ਔਰਤ ਹੈ। ਅਸਲ ਵਿੱਚ ਪ੍ਰੇਮ ਪ੍ਰਕਾਸ਼ ਦੀ ਰਚਨਾ-ਦ੍ਰਿਸ਼ਟੀ ਔਰਤ ਦੀ ਸੰਵੇਦਨਸ਼ੀਲਤਾ ਨੂੰ ਜਾਣਨ ਵਿੱਚ ਕੁੱਝ ਹੱਦ ਤੱਕ ਕਾਮਯਾਬ ਹੋਈ ਹੈ। ਨਾਰੀ ਪਾਤਰ ਧਰਮ, ਸਮਾਜ, ਜਾਤ, ਕੌਮ ਦੇ ਬੰਧਨਾਂ ਨੂੰ ਤਿਆਗ ਕੇ ਕੇਵਲ ਮਨ ਦੀ ਆਜ਼ਾਦੀ ਦੀ ਤਲਾਸ਼ ਕਰਦੀਆਂ ਹਨ ਅਤੇ ਇਸ ਤਲਾਸ਼ ਵਿੱਚ ਸੰਤੁਸ਼ਟੀ ਦੀ ਜਗ੍ਹਾ ਮਾਨਸਿਕ ਦਵੰਦ ਵਿੱਚ ਪੈ ਜਾਂਦੀਆਂ ਹਨ। ਇਸ ਦਵੰਦ ਵਿੱਚ ਫਸੀਆਂ ਮਾਨਸਿਕ ਤ੍ਰਾਸਦੀ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਨਾਰੀ ਪਾਤਰ ਸਮਾਜ, ਧਰਮ ਤੇ ਸੰਸਕ੍ਰਿਤੀ ਦੀ ਤ੍ਰੈਲੜੀ ਅਧੀਨ ਵਿਚਰਦੇ ਵੀ ਹਨ ਤੇ ਨਹੀਂ ਵੀ। ਮਾਨਸਿਕ ਅਤ੍ਰਿਪਤੀਆਂ ਉਹਨਾਂ ਨੂੰ ਸੰਸਕਾਰਾਂ ਦੀ ਅਵੱਗਿਆ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ ਤੇ ਫਿਰ ਮਰਦ ਪਾਤਰਾਂ ਵੱਲੋਂ ਮਿਲੀ ਸੁਆਰਥ ਭਾਵਨਾ ਉਹਨਾਂ ਨੂੰ ਸਮਾਜਕ ਰੀਤਾਂ ਦੇ ਤੋੜਨ ਦਾ ਅਹਿਸਾਸ ਕਰਵਾਉਂਦੀ ਹੈ।

ਡਾ. ਜੋਗਿੰਦਰ ਸਿੰਘ ਰਾਹੀ, ਰੂਪ ਅਰੂਪ, ਪੰਨਾ 186

ਪ੍ਰੇਮ ਪ੍ਰਕਾਸ਼ ਦੀ ਰਚਨਾ-ਪ੍ਰਕਿਰਿਆ ਵਿਧੀ ਪੂਰਵਕ ਚੱਲਦੀ ਹੈ। ਕਹਾਣੀ ਵਿੱਚ ਲਕੀਰੀ ਬਿਰਤਾਂਤ ਦੀ ਜਗ੍ਹਾ ਜਟਿਲਤਾ ਅਸਲ ਵਿੱਚ ਉਸ ਦੀ ਸੋਚੀ-ਸਮਝੀ ਜੁਗਤ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਪਾਠਕ ਪਾਸੋਂ ਬੌਧਿਕਤਾ ਦੀ ਮੰਗ ਕਰਦੀਆਂ ਹਨ। ਪ੍ਰੇਮ ਪ੍ਰਕਾਸ਼ ਦੀ ਕਥਾ ਵਿੱਚਲੀ ਜਟਿਲਤਾ ਅਸਲ ਵਿੱਚ ਅਜੋਕੇ ਮਨੁੱਖੀ ਮਨ ਦੀ ਜਟਿਲਤਾ ਦਾ ਪ੍ਰਗਟਾਵਾ ਹੈ। ਪ੍ਰੇਮ ਪ੍ਰਕਾਸ਼ ਪਾਤਰਾਂ ਸਬੰਧੀ ਟਿੱਪਣੀ ਕਰਦਾ ਆਪਣੀ ਰਚਨਾਤਮਕਤਾ ਨੂੰ ਸਹਿਜ ਸੁਭਾਵਿਕ ਦਰਸਾਉਣਾ ਲੋਚਦਾ ਹੈ, "ਇਹ ਵੀ ਇੱਕ ਦਿਲਚਸਪ ਗੱਲ ਏ ਕਿ ਮੈਂ ਪਾਤਰਾਂ ਤੋਂ ਜਿਹੜੀਆਂ ਗੱਲਾਂ ਅਖਵਾਉਂਦਾ ਹਾਂ ਜਾਂ ਜਿਹੜੀਆਂ ਹਰਕਤਾਂ ਕਰਵਾਉਂਦਾ ਹਾਂ, ਉਹਨਾਂ ਬਾਰੇ ਲਿਖਣ ਵੇਲ ਮੈਂ ਇਸ ਤਰ੍ਹਾਂ ਸਮਝਦਾ ਹਾਂ ਕਿ ਉਸ ਪਾਤਰ ਨੇ ਜੋ ਕੁਝ ਕਹਿਣਾ ਜਾਂ ਜੋ ਕੁਝ ਕਰਨਾ ਸੀ, ਉਹਦਾ ਇੱਕ ਰੂਪ ਇਹ ਵੀ ਹੋ ਸਕਦਾ ਏ। ਪਰ ਉਹਨੇ ਪੱਕੇ ਤੌਰ 'ਤੇ ਕੀ ਕੁਝ ਕਹਿਣਾ ਤੇ ਕੀ ਕੁਝ ਕਰਨਾ ਸੀ, ਉਹਦੇ ਬਾਰੇ ਮੈਨੂੰ ਕੁੱਝ ਪਤਾ ਨਹੀਂ ਸੀ ਹੁੰਦਾ। ..... ਕੀ ਵਾਰ ਤਾਂ ਮੈਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਸ ਪਾਤਰ ਨੇ ਇਹ ਕੁੱਝ ਆਖਿਆ ਜਾਂ ਕਿਉਂ ਕੀਤਾ?... ਏਸੇ ਲਈ ਮੈਂ ਆਖ ਦੇਂਦਾ ਹਾਂ ਕਿ ਕਹਾਣੀ ਮੈਂ ਨਹੀਂ ਲਿਖੀ, ਮੈਥੋਂ ਲਿਖੀ ਗਈ ਏ। ......... ਇੰਜੇ ਉਹ ਪਾਤਰ ਵੀ ਮੈਂ ਨਹੀਂ ਘੜੇ, ਮੈਥੋਂ ਘੜ ਹੋ ਜਾਂਦੇ ਨੇ।" ਜੇਕਰ ਪ੍ਰੇਮ ਪ੍ਰਕਾਸ਼ ਦੀ ਕਥਾ ਜੜ੍ਹਤ ਦੀਆਂ ਪਰਤਾਂ ਫਰੋਲੀਏ ਤਾਂ ਸੱਚਮੁੱਚ ਪਾਤਰ ਦਾ ਵਿਹਾਰ ਕਿਸੇ ਬੰਧਨ ਨੂੰ ਨਹੀਂ ਸਵੀਕਾਰਦਾ। ਅਸਲ ਵਿੱਚ ਲੇਖਕ ਅਜੋਕੇ ਢੰਗ ਨਾਲ ਪੇਸ਼ ਕਰ ਜਾਂਦਾ ਹੈ। ਬਹੁਤੀਆਂ ਕਹਾਣੀਆਂ ਵਿੱਚ ਸਾਰਾ ਬਿਰਤਾਂਤ ਮੈਂ ਪਾਤਰ ਦੀ ਮਨੋਬਚਨੀ ਵਿੱਚ ਚੱਲਦਾ ਹੈ ਜੋ ਲੇਖਕ ਦੁਆਰਾ ਵਰਤੀ ਸਫਲ ਜੁਗਤ ਹੈ। ਮੈਂ ਪਾਤਰ ਦੀ ਸਿਰਜਣਾ ਕਰ ਕੇ ਅਸਲ ਵਿੱਚ ਲੇਖਕ ਦੁਆਰਾ ਵਰਤੀ ਸਫਲ ਜੁਗਤ ਹੈ। ਕਹਾਣੀਆਂ ਦੇ ਕਥਾਨਕ ਬੜੇ ਜਟਿਲ ਤੇ ਜੁਗਤ ਅਧੀਨ ਰਚੇ ਹਨ। ਪਾਤਰਾਂ ਦਾ ਵਿਹਾਰ ਮਨੋਵਿਗਿਆਨਕ ਹੈ। ਚਿਹਨਾਂ ਦੀ ਵਰਤੋਂ ਨਾਲ ਪਾਠ ਦੇ ਰਹੱਸ ਨੂੰ ਕਾਇਮ ਰੱਖ ਕੇ ਉਹ ਪਾਠਕ/ਆਲੋਚਕ ਪਾਸੋਂ ਬੌਧਿਕਤਾ ਦੀ ਮੰਗ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਵਧੇਰੇ ਕਰਕੇ ਪਿੱਛਲਝਾਤ ਵਿਧੀ ਦੀ ਵਰਤੋਂ ਕੀਤੀ ਗਈ ਹੈ। ਉਸ ਦੀਆਂ ਕਹਾਣੀਆਂ ਦੇ ਅੰਤਰ-ਪਾਠ ਵਿੱਚ ਅਖਾਣ, ਮੁਹਾਵਰੇ, ਇਤਿਹਾਸ ਤੇ ਪੁਰਾਣਿਕ ਹਵਾਲਿਆਂ ਦੀ ਸ਼ਮੂਲੀਅਤ ਇਹ ਸਪੱਸ਼ਟ ਕਰਦੀ ਹੈ ਕਿ ਪ੍ਰੇਮ ਪ੍ਰਕਾਸ਼ ਦੀ ਕਹਾਣੀ ਆਪਣੇ ਅੰਦਰ ਅਨੇਕਾਂ ਰਹੱਸਾਂ ਨੂੰ ਸਮੋਈ ਬੈਠੀ ਹੈ। ਕਹਾਣੀਆਂ ਦੀ ਰਫ਼ਤਾਰ ਬੇਸ਼ੱਕ ਮੱਧਮ ਹੈ ਪਰ ਬੁਣਤੀ ਦੀਆਂ ਬਾਰੀਕੀਆਂ ਦਿਲਚਸਪ ਹਨ। ਕਿਤੇ-ਕਿਤੇ ਵਧੇਰੇ ਵਰਨਣ –ਵਿਧੀ ਪਾਠਕ ਨੂੰ ਨੀਰਸਤਾ ਵੀ ਪ੍ਰਦਾਨ ਕਰਦੀ ਹੈ। ਕਹਾਣੀਆਂ ਵਿੱਚ ਅਣਕਹੇ ਦੀ ਜੁਗਤ ਦੀ ਵਰਤੋਂ ਕਾਫ਼ੀ ਬਹੁਤਾਤ ਵਿੱਚ ਮਿਲਦੀ ਹੈ। ਪਾਠਕ ਅਤੇ ਆਲੋਚਕ ਆਪਣੀ ਸਮਝ ਜਾਂ ਕਾਬਲੀਅਤ ਅਨੁਸਾਰ ਉਸ ਅਣਕਹੇ ਨੂੰ ਸਮਝਦਾ ਹੈ। ਕਹਾਣੀ ਦਾ ਖੁੱਲ੍ਹਾ ਅੰਤ ਪਾਠਕ ਦੀ ਚੇਤਨਾ ਨੂੰ ਨਰੋਆਪਣ ਦਿੰਦਾ ਹੈ। ਲੇਖਕ ਦੀ ਵਾਕ ਬਣਤਰ ਵਿੱਚ ਬੇਸ਼ੱਕ ਵਿਆਕਰਣਕ ਊਣਤਾਈਆਂ ਵੀ ਹਨ ਪਰ ਕਹਾਣੀ ਪਾਠ ਦਾ ਸ਼ਬਦ ਰਹੱਸਮਈ ਹੋਣ ਕਰਕੇ ਅਰਥ-ਭਰਪੂਰ ਹੈ। ਪ੍ਰਤੀਕਾਂ ਦੀ ਵਰਤੋਂ ਉਸ ਦੀ ਕਹਾਣੀ ਦਾ ਕਲਾ ਦਾ ਸਰਵੋਤਮ ਲੱਛਣ ਹੈ। ਉਸ ਦੀਆਂ ਕਹਾਣੀਆਂ ਦੇ ਸਿਰਲੇਖ, ਪਾਤਰਾਂ ਦੇ ਨਾਂ ਤੇ ਪਾਤਰਾਂ ਦੇ ਕਾਰਜਾਂ ਨੂੰ ਪ੍ਰਤੀਕਾਤਮਕ ਸ਼ੈਲੀ ਰਾਹੀਂ ਪੇਸ਼ ਕੀਤਾ ਗਿਆ ਹੈ।

ਪ੍ਰੇਮ ਪ੍ਰਕਾਸ਼ ਪਾਠ ਦੀ ਭੂਮਿਕਾ ਨਹੀਂ ਬੰਨ੍ਹਦਾ ਤੇ ਨਾ ਹੀ ਵਾਤਾਵਰਣ ਦੀ ਸਿਰਜਣਾ ਕਰਦਾ ਹੈ। ਕਹਾਣੀ ਕਾਰ ਪ੍ਰੇਮ ਪ੍ਰਕਾਸ਼ ਨੇ ਤਨਾਓ ਤੇ ਟਕਰਾਓ ਦੀ ਜੁਗਤ ਕਹਾਣੀਆਂ ਵਿੱਚ ਵਿਭਿੰਨ ਸੰਦਰਭਾਂ ਅਧੀਨ ਵਰਤੀ ਹੈ। ਕਿਤੇ ਤਨਾਓ ਔਰਤ-ਮਰਦ ਦੇ ਜਿਨਸੀ ਸੰਬੰਧਾਂ ਦਾ ਹੈ, ਜਿੱਥੇ ਸਮਾਜਿਕ ਕੀਮਤਾਂ, ਸੰਸਕ੍ਰਿਤੀ ਤੇ ਧਰਮ ਜਿਹੀਆਂ ਬੰਦਸ਼ਾਂ ਨਾਲ ਟਕਰਾਓ ਹੁੰਦਾ ਹੈ, ਕਿਤੇ ਪੇਂਡੂ ਤੇ ਸ਼ਹਿਰੀ ਸੰਸਕ੍ਰਿਤੀ ਦਾ, ਕਿਤੇ ਗ਼ਰੀਬ ਤੇ ਅਮੀਰ ਵਰਗ ਦਾ ਤੇ ਕਿਤੇ ਪਰੰਪਰਾ ਤੇ ਆਧੁਨਿਕਤਾ ਦਾ ਹੈ। ਲੇਖਕ ਕਹਾਣੀ ਦੇ ਪਾਠ ਵਿੱਚ ਖੱਪੇ ਛੱਡ ਜਾਂਦਾ ਹੈ। ਜਿਸ ਦੀ ਪੂਰਤੀ ਪਾਠਕ ਆਪਣੀ ਸਮਝ ਨਾਲ ਕਰਦਾ ਹੈ। ਭਾਸ਼ਾਈ ਪੱਧਰ ਤੋਂ ਵਾਚੀਏ ਤਾਂ ਪ੍ਰੇਮ ਪ੍ਰਕਾਸ਼ ਦੇ ਆਰੰਭਲੇ ਕਹਾਣੀ-

ਸੰਗ੍ਰਹਿਆਂ ਵਿੱਚ ਮਲਵਈ ਉਪਭਾਸ਼ਾ ਦੀ ਵਰਤੋਂ ਮਿਲਦੀ ਹੈ। ਮੁਕਤੀ (1980) ਕਹਾਣੀ-ਸੰਗ੍ਰਹਿ ਤੱਕ ਪੁੱਜਦਿਆਂ ਉਸ ਨੇ ਪੇਂਡੂ ਸੰਸਕ੍ਰਿਤੀ ਨੂੰ ਤਿਆਗ ਮੱਧਵਰਗੀ ਲੋਕਾਂ ਦੀ ਮਾਨਸਿਕਤਾ ਸੰਬੰਧੀ ਕਹਾਣੀ ਰਚਣੀ ਸ਼ੁਰੂ ਕੀਤੀ ਤਾਂ ਉਸ ਦੀ ਭਾਸ਼ਾ ਵੀ ਟਕਸਾਲੀ ਹੋ ਗਈ।

punjabiforias.com

ਅਪ-ਭਾਸ਼ਾ : ਅਪਭਾਸ਼ਾ ਦੀ ਵਰਤੋਂ ਲੇਖਕ ਨੇ ਵਿਅੰਗਾਤਮਕ ਲਹਿਜੇ ਵਿੱਚ ਕੀਤੀ ਹੈ :

"ਇਹ ਦੁਨੀਆਂ ਸਾਲੀ ਔਰਤ ਨੂੰ ਹੀ ਦੇਖ ਸਕਦੀ ਹੈ, ਮਾਂ ਨੂੰ ਨਹੀਂ।"

"ਬਕਵਾਸ ਨਾ ਕਰ...... ਮੈਂ ਕਹਿੰਦੈ...........ਤੁ.......... ਕ......."

ਕਾਵਿ-ਤੁਕਾਂ : ਅਵਤਾਰ ਪਿਅੰਬਰ ਜਨਤੀ ਹੈ।
ਫਿਰ ਭੀ ਸ਼ੈਤਾਨ ਕੀ ਬੇਟੀ ਹੈ।
ਯੇ ਵੋ ਬਦਕਿਸਮਤ ਮਾਂ ਹੈ ਜੋ
ਬੇਟੋਂ ਦੀ ਸੇਜ ਪੇ ਲੇਟੀ ਹੈ। (ਸਾਹਿਰ)
ਹੋ....... ਜਿੱਤ ਵੱਲ ਯਾਰ ਉੱਤੇ ਵੱਲ ਕਾਅਬਾ...........
ਬੰਸੀ ਵਾਲਿਆ ਕ੍ਰਿਸ਼ਨਾ, ਤੇਰੇ ਆਵਣ ਦੀ ਲੋੜ,

ਉਰਦੂ-ਫ਼ਾਰਸੀ ਸ਼ਬਦ : ਜ਼ਖ਼ਮ, ਨੁਸਖੇ, ਜਲਾਲ਼, ਬੇਨਿਆਜ਼, ਬੇਗ਼ਮ, ਮਜ਼ਾਕ, ਗ਼ੁਲਾਮ, ਇਸ਼ਕ, ਬਖ਼ਸ਼ਿਸ਼ ਆਦਿ

ਹਿੰਦੀ ਸ਼ਬਦ : ਸੀਤਾ-ਦਰਸ਼ਨ, ਪੂਜਾ, ਸਿਮ੍ਰਿਤੀ, ਸੁਰਤੀ, ਗੰਗਾ, ਸਰਾਪ, ਤੀਰ ਇਸ਼ਨਾਨ, ਤੀਰਥ-ਸਥਾਨ, ਸੰਸਕਾਰ, ਬ੍ਰਹਮਚਾਰੀ, ਪ੍ਰਾਸ਼ਚਿਤ ਆਦਿ।

ਅੰਗਰੇਜ਼ੀ ਸ਼ਬਦ : ਲੈਕਚਰ, ਬੈਂਕ, ਪਬਲਿਸ਼ਿੰਗ ਹਾਊਸ, ਕੈਰਮ-ਬੋਰਡ, ਹੈਲੋ, ਓਅਡ ਬੁਆਏ, ਕੁਲੀਗ, ਪ੍ਰੋਫੈਸਰ, ਫੈਮਲੀ, ਕਾਰ, ਪ੍ਰੈਗਨੈਂਟ, ਐਡੀਟਰ, ਡਿਊਟੀ, ਹਸਪਤਾਲ ਆਦਿ।

punjabiforias.com